SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 23* Issue 62 | Wednesday, April 03, 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਫੈਡਰਲ ਸਰਕਾਰ ਨੂੰ ਕਾਰਬਨ ਟੈਕਸ ਹਟਾਉਣਾ ਹੋਵੇਗਾ ਜਾਂ ਟਰੂਡੋ ਦੀ ਹੋਵੇਗੀ ਛੁੱਟੀ : ਫੋਰਡ

ਓਨਟਾਰੀਓ, 2 ਅਪਰੈਲ (ਪੋਸਟ ਬਿਊਰੋ) : ਮੰਗਲਵਾਰ ਨੂੰ ਫੈਡਰਲ ਸਰਕਾਰ ਦੇ ਕਾਰਬਨ ਟੈਕਸ ਦੀ ਨੁਕਤਾਚੀਨੀ ਕਰਦਿਆਂ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਜਾਂ ਤਾਂ ਸਰਕਾਰ ਨੂੰ ਇਹ ਟੈਕਸ ਹਟਾਉਣਾ ਹੋਵੇਗਾ ਤੇ ਜਾਂ ਫਿਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਇਸ ਵਾਰੀ ਛੁੱਟੀ ਹੋਵੇਗੀ। ਸੋਮਵਾਰ ਤੋਂ ਲਾਗੂ ਹੋਏ ਕਾਰਬਨ ਟੈਕਸ ਦੀ ਗੱਲ ਕਰਦਿਆਂ ਫੋਰਡ ਨੇ ਆਖਿਆ ਕਿ ਜੇ ਟਰੂਡੋ ਇਸ ਕਾਰਬਨ ਟੈਕਸ ਨੂੰ ਵਾਪਿਸ ਨਹੀਂ ਲੈਂਦੇ ਤਾਂ ਜਦੋਂ ਵੀ ਅਗਲੀਆਂ ਫੈਡਰਲ ਚੋਣਾਂ ਹੋਣਗੀਆਂ ਤਾਂ ਟਰੂਡੋ ਨੂੰ ਵੋਟਰਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਹੋਵੇਗਾ। ਈਸਟ ਗਵਿਲਿੰਬਰੀ ਵਿੱਚ ਕਾਨਫਰੰਸ ਦੌਰਾਨ ਫੋਰਡ ਨੇ ਆਖਿਆ ਕਿ ਜੇ ਟਰੂਡੋ ਨੇ ਓਨਟਾਰੀਓ ਦੇ ਲੋਕਾਂ ਤੇ ਕਾਰੋਬਾਰਾਂ ਵੱਲ ਧਿਆਨ ਦੇਣਾ ਸ਼ੁਰੂ ਨਾ ਕੀਤਾ ਤਾਂ ਉਹ ਗਾਰੰਟੀ ਦਿੰਦੇ ਹਨ ਕਿ ਅਗਲਾ ਪ੍ਰਧਾਨ ਮੰਤਰੀ ਕੋਈ ਹੋਰ ਚੁਣਿਆ ਜਾਵੇਗਾ।

ਇਸ ਸਮੇਂ ਫੋਰਡ ਦੇ ਨਾਲ ਖੇਤੀਬਾੜੀ ਮੰਤਰੀ ਲੀਜ਼ਾ ਥਾਂਪਸਨ, ਸਮਾਲ ਬਿਜ਼ਨਸ ਮੰਤਰੀ ਨੀਨਾ ਟਾਂਗੜੀ ਅਤੇ ਓਨਟਾਰੀਓ ਫੈਡਰੇਸ਼ਨ ਆਫ ਐਗਰੀਕਲਚਰ ਐਂਡ ਕੈਨੇਡੀਅਨ ਫੈਡਰੇਸ਼ਨ ਆਫ ਇੰਡੀਪੈਂਡੈਂਟ ਬਿਜ਼ਨਸ ਦੇ ਆਲ੍ਹਾ ਦਰਜੇ ਦੇ ਮੈਂਬਰ ਹਾਜ਼ਰ ਸਨ।




ਉਨ੍ਹਾਂ ਸਾਰਿਆਂ ਨੇ ਵਾਰੀ ਵਾਰੀ ਟਰੂਡੋ ਸਰਕਾਰ ਦੇ ਇਸ ਫੈਸਲੇ ਦੀ ਨਿਖੇਧੀ ਕੀਤੀ ਤੇ ਦੱਸਿਆ ਕਿ ਇਹ ਕਾਰਬਨ ਟੈਕਸ ਕਿਵੇਂ ਕਾਰੋਬਾਰਾਂ ਤੇ ਕੰਜ਼ਿਊਮਰਜ਼ ਉੱਤੇ ਅਸਰ ਪਾਵੇਗਾ। ਥਾਂਪਸਨ ਨੇ ਆਖਿਆ ਕਿ ਇਸ ਨਾਲ ਹੋਰ ਕੁੱਝ ਨਹੀਂ ਸਗੋਂ ਹਰ ਚੀਜ਼ ਦੀ ਕੀਮਤ ਵਿੱਚ ਵਾਧਾ ਹੋਵੇਗਾ ਤੇ ਇਸ ਵਿੱਚ ਫੂਡ ਉਤਪਾਦਨ ਵੀ ਸ਼ਾਮਲ ਹੈ।

ਟਾਂਗੜੀ ਨੇ ਆਖਿਆ ਕਿ ਸੋਮਵਾਰ ਨੂੰ ਲਾਗੂ ਹੋਇਆ ਕਾਰਬਨ ਟੈਕਸ ਵਾਧਾ ਬਹੁਤ ਹੀ ਸ਼ਰਮਨਾਕ ਹੈ ਤੇ ਇਸ ਨਾਲ ਗੈਸ ਪੰਪਜ਼ ਤੋਂ ਇਲਾਵਾ ਹੋਰਨਾਂ ਸਾਰੀਆਂ ਥਾਂਵਾਂ ਉੱਤੇ ਵੀ ਮਹਿੰਗਾਈ ਦਾ ਸੇਕ ਮਹਿਸੂਸ ਕੀਤਾ ਜਾਵੇਗਾ। ਪ੍ਰੀਮੀਅਰ ਫੋਰਡ ਨੇ ਸਿਰਫ ਟਰੂਡੋ ਨੂੰ ਹੀ ਲੰਮੇਂ ਹੱਥੀਂ ਨਹੀਂ ਲਿਆ ਸਗੋਂ ਉਨ੍ਹਾਂ ਓਨਟਾਰੀਓ ਦੀ ਲਿਬਰਲ ਆਗੂ ਬੋਨੀ ਕ੍ਰੌਂਬੀ ਉੱਤੇ ਵਰ੍ਹਦਿਆਂ ਉਨ੍ਹਾਂ ਨੂੰ ਕਾਰਬਨ ਟੈਕਸ ਦੀ ਮਹਾਂਰਾਣੀ ਦੱਸਿਆ।

## ਖਾਲਸਾ ਸਾਜਨਾ ਦਿਵਸ ਮੌਕੇ ਸਾਰਿਆਂ ਨੂੰ ਹੁੰਮ ਹੁਮਾ ਕੇ ਟੋਰਾਂਟੋ ਪਹੁੰਚਣ ਦਾ ਸੱਦਾ




ਟੋਰਾਂਟੋ, 2 ਅਪਰੈਲ (ਪੋਸਟ ਬਿਊਰੋ) : ਪਿਛਲੇ 45 ਸਾਲਾਂ ਤੋਂ ਡਾਊਨਟਾਊਨ ਟੋਰਾਂਟੋ ਵਿੱਚ ਸਿੱਖ ਕਮਿਊਨਿਟੀ ਖਾਲਸਾ ਡੇਅ ਮਨਾਉਂਦੀ ਆ ਰਹੀ ਹੈ। ਪਿਛਲੇ ਸਾਲਾਂ ਵਾਂਗ ਹੀ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਇਸ ਵਾਰੀ ਵੀ 28 ਅਪਰੈਲ, 2024 ਨੂੰ ਡਾਊਨਟਾਊਨ ਟੋਰਾਂਟੋ ਵਿੱਚ ਇੱਕਠੇ ਹੋਣਗੇ ਤੇ ਆਪਣੇ ਸ਼ਾਨਾਮੱਤੇ ਧਰਮ, ਆਪਣੀ ਵਿਲੱਖਣਤਾ ਤੇ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਦਾ ਸੁਨੇਹਾ ਦੇਣਗੇ। ਬੈਟਰ ਲਿਵਿੰਗ ਸੈਂਟਰ ਉੱਤੇ ਸਵੇਰੇ 9:00 ਵਜੇ ਤੋਂ 12:30 ਵਜੇ ਤੱਕ ਕੀਰਤਨ ਹੋਵੇਗਾ ਤੇ 1:00 ਵਜੇ ਤੋਂ ਨਗਰ ਕੀਰਤਨ ਸ਼ੁਰੂ ਹੋਵੇਗਾ। ਸੀਐਨਈ ਵਿੱਚ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਤੇ ਟੋਰਾਂਟੋ ਸਿਟੀ ਹਾਲ ਵਿੱਚ ਕਈ ਤਰ੍ਹਾਂ ਦੀ ਰਿਫਰੈਸ਼ਮੈਂਟ ਵੀ ਦਿੱਤੀ ਜਾਵੇਗੀ।

ਇਸ ਮੌਕੇ ਸਿੱਖ ਇਤਿਹਾਸ ਨਾਲ ਜੁੜੀਆਂ ਝਾਂਕੀਆਂ ਵੀ ਕੱਢੀਆਂ ਜਾਣਗੀਆਂ, ਨਗਰ ਕੀਰਤਨ ਵਿੱਚ ਸਿੱਖ ਸੰਗਤ ਕੀਰਤਨ ਕਰੇਗੀ, ਵੱਖ ਵੱਖ ਗੁਰਦੁਆਰਿਆਂ ਨਾਲ ਜੁੜੇ ਪੰਜਾਬੀ ਸਕੂਲਾਂ ਤੇ ਵੱਖ ਵੱਖ ਖਾਲਸਾ ਸਕੂਲਾਂ ਦੇ ਬੈਂਡ ਤੇ ਵਿਦਿਆਰਥੀ ਇਸ ਦੌਰਾਨ ਹਿੱਸਾ ਲੈਣਗੇ। ਪਿਛਲੇ ਸਾਲਾਂ ਵਾਂਗ ਹੀ ਇਸ ਵਾਰੀ ਵੀ ਟੋਰਾਂਟੋ ਪੁਲਿਸ ਵੱਲੋਂ ਇਸ ਪਰੇਡ ਨੂੰ ਮੈਨੇਜ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਜਾਵੇਗੀ। ਇਸ ਦੌਰਾਨ ਸੱਦੇ ਗਏ ਅਹਿਮ ਮਹਿਮਾਨ ਵੀ ਜਿੱਥੇ ਹਾਜ਼ਰੀ ਲਾਉਣਗੇ ਉੱਥੇ ਹੀ ਸਰਕਾਰੀ ਅਧਿਕਾਰੀ ਵੀ ਇਸ ਪਰੇਡ ਦਾ ਹਿੱਸਾ ਬਨਣਗੇ।

ਪਿਛਲੇ ਸਾਲਾਂ ਵਾਂਗ ਹੀ ਸਿਟੀ ਹਾਲ ਤੋਂ ਸ਼ਟਲ ਬੱਸਾਂ ਚਲਾਈਆਂ ਜਾਣਗੀਆਂ, ਸਿਟੀ ਹਾਲ ਕੋਲ ਸੰਗਤ ਆਪਣੀਆਂ ਗੱਡੀਆਂ ਪਾਰਕ ਕਰ ਸਕਦੀ ਹੈ ਤੇ ਸ਼ਟਲ ਬੱਸ ਵਿੱਚ ਬੈਠ ਕੇ ਸੀਐਨਈ ਪਹੁੰਚ ਸਕਦੀ ਹੈ। ਇਹ ਬੱਸਾਂ ਜੀਟੀਏ ਦੇ ਵੱਖ ਵੱਖ ਗੁਰਦੁਆਰਿਆਂ ਤੋਂ ਵੀ ਚਲਾਈਆਂ ਜਾਣਗੀਆਂ ਤੇ ਵਧੇਰੇ ਜਾਣਕਾਰੀ ਲਈ ਸੰਗਤ ਆਪਣੇ ਨੇੜਲੇ ਗੁਰਦੁਆਰਿਆਂ ਵਿੱਚ ਸੰਪਰਕ ਕਰ ਸਕਦੀ ਹੈ ਤੇ ਜਿੱਥੋਂ ਉਨ੍ਹਾਂ ਨੂੰ ਖਾਲਸਾ ਸੋਵੀਨੀਅਰ ਮਿਲ ਜਾਣਗੇ, ਜਿਨ੍ਹਾਂ ਵਿੱਚ ਹਰ ਸਾਲ ਵਾਂਗ ਸਾਰੀ ਜਾਣਕਾਰੀ ਹੋਵੇਗੀ। ਜਿਸ ਕਿਸੇ ਨੇ ਵੀ ਨਗਰ ਕੀਰਤਨ ਲਈ ਵਾਲੰਟੀਅਰ ਕਰਨਾ ਹੋਵੇ ਤਾਂ ਉਹ ਕੁਲਤਾਰ ਸਿੰਘ ਗਿੱਲ ਨਾਲ 416-676-8820 ਜਾਂ ਇੰਦਰਜੀਤ ਸਿੰਘ ਜਾਗਰਨ ਨਾਲ 416-704-0506 ਜਾਂ ਗੁਰਿੰਦਰਜੀਤ ਸਿੰਘ ਭੁੱਲਰ ਨਾਲ 416-452-2011 ਉੱਤੇ ਸੰਪਰਕ ਕਰ ਸਕਦਾ ਹੈ।

ਵਧੇਰੇ ਜਾਣਕਾਰੀ ਲਈ ਓਐਸਜੀਸੀ ਦੇ ਸੈਕਟਰੀ ਮਨਜੀਤ ਸਿੰਘ ਨਾਲ 416-524-7330 ਜਾਂ ਇੰਦਰਦੀਪ ਸਿੰਘ ਨਾਲ 416-835-6355 ਜਾਂ ਓਐਸਜੀਸੀ ਦੇ ਚੇਅਰਮੈਨ ਓਨਕਾਰ ਸਿੰਘ ਗਰੇਵਾਲ ਨਾਲ 416-910-2124 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।

## ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ, 3 ਨੌਜਵਾਨਾਂ ਦੀ ਭਾਲ ਕਰ ਰਹੀ ਹੈ ਪੁਲਿਸ

ਟੋਰਾਂਟੋ, 2 ਅਪਰੈਲ (ਪੋਸਟ ਬਿਊਰੋ) : ਐਗਲਿੰਟਨ ਵੈਸਟ ਏਰੀਆ ਵਿੱਚ ਇੱਕ ਵਿਅਕਤੀ ਨੂੰ ਚਾਕੂ ਮਾਰ ਕੇ ਗੰਭੀਰ ਜ਼ਖ਼ਮੀ ਕਰਨ ਦੇ ਮਾਮਲੇ ਵਿੱਚ ਟੋਰਾਂਟੋ ਪੁਲਿਸ ਤਿੰਨ ਨੌਜਵਾਨ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।

ਇਹ ਘਟਨਾ ਸੋਮਵਾਰ ਨੂੰ ਐਗਲਿੰਟਨ ਐਵਨਿਊ ਵੈਸਟ ਤੇ ਰਿਚਰਡਸਨ ਐਵਨਿਊ ਏਰੀਆ ਵਿੱਚ ਸ਼ਾਮੀਂ 7:00 ਵਜੇ ਤੋਂ ਪਹਿਲਾਂ ਵਾਪਰੀ। ਇੱਕ ਬਾਲਗ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਪਰ ਪੁਲਿਸ ਨੇ ਦੱਸਿਆ ਕਿ ਜ਼ਖ਼ਮੀ ਵਿਅਕਤੀ ਦੀ ਹਾਲਤ ਓਨੀ ਵੀ ਜ਼ਿਆਦਾ ਗੰਭੀਰ ਨਹੀਂ ਸੀ ਜਿੰਨੀ




ਪਹਿਲਾਂ ਲੱਗ ਰਹੀ ਸੀ। ਪੁਲਿਸ ਅਧਿਕਾਰੀ ਤਿੰਨ ਨੌਜਵਾਨਾਂ ਨੂੰ ਲੱਭ ਰਹੀ ਹੈ ਜਿਨ੍ਹਾਂ ਨੂੰ ਆਖਰੀ ਵਾਰੀ ਮਾਸਕ ਤੇ ਕਾਲੇ ਤੇ ਨੀਲੇ ਰੰਗ ਦੇ ਕੱਪੜੇ ਪਾਇਆਂ ਵੇਖਿਆ ਗਿਆ ਸੀ। ਪੁਲਿਸ ਨੇ ਦੱਸਿਆ ਕਿ ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਇਸ ਵਿਅਕਤੀ ਨੂੰ ਚਾਕੂ ਕਿਉਂ ਮਾਰਿਆ ਗਿਆ। ਪੁਲਿਸ ਵੱਲੋਂ ਇਸ ਮਾਮਲੇ ਨੂੰ ਡਾਕਾ ਮੰਨ ਕੇ ਜਾਂਚ ਨਹੀਂ ਕੀਤੀ ਜਾ ਰਹੀ।

## ਨੈਕਸਸ ਦੀ ਐਪਲੀਕੇਸ਼ਨ ਫੀਸ 50 ਡਾਲਰ ਦੀ ਥਾਂ ਹੋਵੇਗੀ 120 ਡਾਲਰ

ਓਟਵਾ, 2 ਅਪਰੈਲ (ਪੋਸਟ ਬਿਊਰੋ) : ਨੈਕਸਸ ਦੀ ਬਦੌਲਤ ਕੈਨੇਡਾ ਤੇ ਅਮਰੀਕਾ ਵਿੱਚ ਬਿਨਾਂ ਕਿਸੇ ਦੇਰ ਦੇ ਆ ਜਾ ਸਕਣ ਵਾਲੇ ਟਰੈਵਲਰਜ਼ ਨੂੰ ਸਤੰਬਰ ਤੋਂ ਬਾਅਦ ਦੁੱਗਣਾ ਮੁੱਲ ਤਾਰਨਾ ਪੈ ਸਕਦਾ ਹੈ।

ਕੈਨੇਡੀਅਨ ਅਧਿਕਾਰੀਆਂ ਅਨੁਸਾਰ ਪਹਿਲੀ ਅਕਤੂਬਰ ਤੋਂ ਪਹਿਲਾਂ ਤੋਂ ਹੀ ਕੈਨੇਡਾ ਤੇ ਅਮਰੀਕਾ ਦਰਮਿਆਨ ਤੇਜ਼ੀ ਨਾਲ ਸਫਰ ਕਰਨ ਵਾਲੇ ਟਰੈਵਲਰਜ਼ ਨੂੰ ਨੈਕਸਸ ਲਈ ਐਪਲੀਕੇਸ਼ਨ ਫੀਸ 50 ਅਮਰੀਕੀ ਡਾਲਰ ਦੀ ਥਾਂ 120 ਅਮਰੀਕੀ




ਡਾਲਰ ਦੇਣੀ ਪੈ ਸਕਦੀ ਹੈ। ਨੈਕਸਸ ਨੂੰ 2002 ਵਿੱਚ ਲਾਂਚ ਕੀਤਾ ਗਿਆ ਸੀ ਤੇ ਉਸ ਸਮੇਂ ਤੋਂ ਹੀ ਇਸ ਦੀ ਫੀਸ 50 ਅਮਰੀਕੀ ਡਾਲਰ ਸੀ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦਾ ਕਹਿਣਾ ਹੈ ਕਿ ਹੁਣ ਐਨੀ ਘੱਟ ਫੀਸ ਨਾਲ ਖਰਚੇ ਹੀ ਪੂਰੇ ਨਹੀਂ ਹੁੰਦੇ।

ਇਸ ਫੀਸ ਦੇ ਵਾਧੇ ਤੋਂ ਬਾਅਦ ਅਮਰੀਕਾ ਤੇ ਕੈਨੇਡਾ ਵਿੱਚ ਰੈਗੂਲੇਟਰੀ ਤਬਦੀਲੀਆਂ ਨੂੰ ਮਨਜ਼ੂਰੀ ਦਿੱਤੀ ਜਾਣੀ ਅਜੇ ਬਾਕੀ ਹੈ। ਪਿਛਲੇ ਸਾਲ ਬਾਰਡਰ ਏਜੰਸੀ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਸਬੰਧ ਵਿੱਚ 510,000 ਅਰਜ਼ੀਆਂ ਮਿਲੀਆਂ, ਜਿਸ ਕਾਰਨ ਹਫਤੇ ਵਿੱਚ 5,000 ਇੰਟਰਵਿਊਜ਼ ਕਰਨੀਆਂ ਪਈਆਂ।

## ਘਾਹ ਨੂੰ ਅੱਗ ਲੱਗਣ ਕਾਰਨ ਟੋਰਾਂਟੋ ਤੇ ਵਾਅਨ ਬਾਰਡਰ ਉੱਤੇ ਰੇਲ ਲਾਈਨਾਂ ਨੂੰ ਕਰਨਾ ਪਿਆ ਬੰਦ

ਟੋਰਾਂਟੋ, 2 ਅਪਰੈਲ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਘਾਹ ਨੂੰ ਕਈ ਥਾਵਾਂ ਉੱਤੇ ਅੱਗ ਲੱਗ ਜਾਣ ਕਾਰਨ ਟੋਰਾਂਟੋ ਤੇ ਵਾਅਨ ਦਰਮਿਆਨ ਬਾਰਡਰ ਦੇ ਨਾਲ ਲੱਗਦੀਆਂ ਰੇਲ ਲਾਈਨਾਂ ਨੂੰ ਆਰਜ਼ੀ ਤੌਰ ਉੱਤੇ ਬੰਦ ਕਰ ਦਿੱਤਾ ਗਿਆ। ਇਹ ਜਾਣਕਾਰੀ ਵਾਅਨ ਫਾਇਰ ਤੇ ਰੈਸਕਿਊ ਸਰਵਿਸ ਨੇ ਦਿੱਤੀ।

ਤਿੰਨ ਵੱਖ ਵੱਖ ਥਾਂਵਾਂ, ਜਿਨ੍ਹਾਂ ਵਿੱਚ ਸਟੀਲਜ਼ ਐਵਨਿਊ ਤੇ ਹਾਈਵੇਅ 400, ਕੀਲ ਸਟਰੀਟ ਤੇ ਸਟੀਲਜ਼ ਐਵਨਿਊ ਤੇ



ਵੈਸਟਨ ਰੋਡ ਤੇ ਸਟੀਲਜ਼ ਐਵਨਿਊ ਸ਼ਾਮਲ ਹਨ, ਉੱਤੇ ਨੌਰਥ ਸਾਊਥ ਰੇਲਵੇ ਲਾਈਨ ਦੇ ਨਾਲ ਲੱਗੀ ਘਾਹ ਦੀ ਅੱਗ ਉੱਤੇ ਕਾਬੂ ਪਾਉਣ ਲਈ ਟੋਰਾਂਟੋ ਤੇ ਵਾਅਨ ਦੇ ਅਮਲੇ ਨੂੰ ਸੱਦਿਆ ਗਿਆ। ਅਪਡੇਟ ਦੌਰਾਨ ਵਾਅਨ ਫਾਇਰ ਦੇ ਬੁਲਾਰੇ ਨੇ ਦੱਸਿਆ ਕਿ ਤੇਜ਼ ਹਵਾਵਾਂ ਕਾਰਨ ਅੱਗ ਟਰੈਕਸ ਤੱਕ ਵੀ ਪਹੁੰਚ ਗਈ।

ਅੱਗ ਤੱਕ ਪਹੁੰਚਣ ਲਈ ਕ੍ਰਿਊ ਨੂੰ ਕਈ ਥਾਂਵਾਂ ਉੱਤੇ ਰਾਹ ਬਣਾ ਕੇ ਉੱਥੇ ਤੱਕ ਪਹੁੰਚਣਾ ਪਿਆ। ਪਹਿਲਾਂ ਇੱਕ ਵਾਰੀ ਤਾਂ ਸੀਐਨ ਨੇ ਰੇਲ ਲਾਈਨਾਂ ਬੰਦ ਕਰ ਦਿੱਤੀਆਂ ਸਨ ਪਰ ਬਾਅਦ ਵਿੱਚ ਉਨ੍ਹਾਂ ਨੂੰ ਖੋਲ੍ਹ ਦਿੱਤਾ ਗਿਆ। ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ।

## ਫਿਨਲੈਂਡ ਦੇ ਸਕੂਲ 'ਚ ਹੋਈ ਗੋਲੀਬਾਰੀ ਵਿਚ ਇਕ ਵਿਦਿਆਰਥੀ ਦੀ ਮੌਤ, ਦੋ ਜ਼ਖਮੀ, ਹਮਲਾਵਰ ਕਾਬੂ




ਹੇਲਸਿੰਕੀ, 2 ਅਪ੍ਰੈਲ (ਪੋਸਟ ਬਿਊਰੋ): ਫਿਨਲੈਂਡ ਦੇ ਇੱਕ ਸਕੂਲ ਵਿਚ ਮੰਗਲਵਾਰ ਨੂੰ ਗੋਲੀਬਾਰੀ ਹੋਈ ਸੀ। ਸੀ.ਐੱਨ.ਐੱਨ. ਦੀ ਰਿਪੋਰਟ ਮੁਤਾਬਕ ਇਸ ਵਿਚ ਇੱਕ ਵਿਦਿਆਰਥੀ ਦੀ ਮੌਤ ਹੋ ਗਈ ਹੈ। ਦੋ ਜ਼ਖਮੀ ਹਨ। 12 ਸਾਲਾ ਹਮਲਾਵਰ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਹੈ।

ਮਾਰੇ ਗਏ ਵਿਦਿਆਰਥੀ ਦੀ ਉਮਰ 12 ਸਾਲ ਦੱਸੀ ਜਾ ਰਹੀ ਹੈ। ਮੁਲਜ਼ਮ ਅਤੇ ਮ੍ਰਿਤਕ ਵਿਦਿਆਰਥੀ ਇੱਕੋ ਸਕੂਲ ਵਿੱਚ ਪੜ੍ਹਦੇ ਹਨ। ਗੋਲੀਬਾਰੀ ਕਰਨ ਤੋਂ ਬਾਅਦ ਹਮਲਾਵਰ ਫ਼ਰਾਰ ਹੋ ਗਿਆ ਪਰ ਕੁਝ ਸਮੇਂ ਬਾਅਦ ਪੁਲਿਸ ਨੇ ਉਸ ਨੂੰ ਹਿਰਾਸਤ ਵਿਚ ਲੈ ਲਿਆ। ਇਹ ਘਟਨਾ ਰਾਜਧਾਨੀ ਹੇਲਸਿੰਕੀ ਦੇ ਇੱਕ ਉਪਨਗਰੀ ਇਲਾਕੇ ਵਿੱਚ ਵਾਪਰੀ। ਜਾਣਕਾਰੀ ਅਨੁਸਾਰ ਘਟਨਾ ਸਵੇਰੇ 9 ਵਜੇ ਵਿਰਟੋਲਾ ਸਕੂਲ ਵਿੱਚ ਵਾਪਰੀ। ਸਕੂਲ ਪ੍ਰਸ਼ਾਸਨ ਨੇ ਪੁਲਿਸ ਨੂੰ ਬੁਲ-ਾਇਆ। ਦੋਸ਼ੀ ਵਿਦਿਆਰਥੀ ਆਪਣੇ ਰਿਸ਼ਤੇਦਾਰ ਦੀ ਲਾਈਸੈਂਸੀ ਹੈਂਡਗੰਨ ਲੈ ਕੇ ਆਇਆ ਸੀ।

ਪੁਲਿਸ ਮੁਤਾਬਕ ਘਟਨਾ ਦੀ ਜਾਂਚ ਜਾਰੀ ਹੈ। ਹੁਣ ਤੱਕ ਇਹ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਮੁਲਜ਼ਮ ਨੇ ਗੋਲੀ ਕਿਉਂ ਚਲਾਈ? ਮੁਲਜ਼ਮਾਂ ਖਿਲਾਫ਼ ਕਤਲ ਅਤੇ ਕਤਲ ਦੀ ਕੋਸ਼ਿਸ਼ ਦੇ ਦੋਸ਼ ਦਰਜ ਕੀਤੇ ਗਏ ਹਨ। ਗੋਲੀਬਾਰੀ ਦੌਰਾਨ ਸਾਰੇ ਵਿਦਿਆਰਥੀ ਆਪਣੇ ਕਲਾਸ ਦੇ ਕਮਰਿਆਂ ਵਿੱਚ ਬੰਦ ਸਨ। ਪ੍ਰਸ਼ਾਸਨ ਦੇ ਲੋਕ ਵੀ ਉਦੋਂ ਤੱਕ ਬਾਹਰ ਨਹੀਂ ਆਏ ਜਦੋਂ ਤੱਕ ਪੁਲਿਸ ਨੇ ਉਨ੍ਹਾਂ ਨੂੰ ਪੂਰੀ ਸੁਰੱਖਿਆ ਦਾ ਭਰੋਸਾ ਨਹੀਂ ਦਿੱਤਾ।

## ਤੁਰਕੀ ਦੇ ਨਾਈਟ ਕਲੱਬ 'ਚ ਅੱਗ ਲੱਗਣ ਕਾਰਨ 29 ਮੌਤਾਂ, ਮੁਰੰਮਤ ਦੇ ਚਲਦੇ ਹੋਇਆ ਹਾਦਸਾ



ਇਸਤਾਂਬੁਲ, 2 ਅਪ੍ਰੈਲ (ਪੋਸਟ ਬਿਊਰੋ): ਤੁਰਕੀ ਦੇ ਇੱਕ ਨਾਈਟ ਕਲੱਬ ਵਿੱਚ ਮੰਗਲਵਾਰ ਨੂੰ ਅੱਗ ਲੱਗ ਗਈ। ਜਾਣਕਾਰੀ ਮੁਤਾਬਕ ਹੁਣ ਤੱਕ 29 ਲੋਕਾਂ ਦੀ ਮੌਤ ਹੋ ਚੁੱਕੀ ਹੈ। ਕਈ ਲੋਕ ਗੰਭੀਰ ਹਨ। ਹਾਦਸੇ ਦੇ ਸਮੇਂ ਇਹ ਨਾਈਟ ਕਲੱਬ ਬੰਦ ਸੀ ਅਤੇ ਮੁਰੰਮਤ ਦਾ ਕੰਮ ਚੱਲ ਰਿਹਾ ਸੀ। ਮਾਰੇ ਗਏ ਲੋਕਾਂ 'ਚ ਜ਼ਿਆਦਾਤਰ ਮਜ਼ਦੂਰ ਸਨ। 8 ਲੋਕਾਂ ਨੂੰ ਗੰਭੀਰ ਹਾਲਤ 'ਚ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ।

ਮੀਡੀਆ ਰਿਪੋਰਟਾਂ ਅਨੁਸਾਰ ਇਸਤਾਂਬੁਲ ਦੇ ਇੱਕ ਆਲੀਸ਼ਾਨ ਰਿਹਾਇਸ਼ੀ ਖੇਤਰ ਵਿੱਚ 16 ਮੰਜ਼ਿਲਾ ਇਮਾਰਤ ਹੈ। ਇਸ ਦੇ ਬੇਸਮੈਂਟ ਵਿਚ ਇਹ ਨਾਈਟ ਕਲੱਬ ਸੀ। ਇੱਥੇ ਗਵਰਨਰ ਦਾਵਤ ਗੁਲ ਨੇ ਮੀਡੀਆ ਨੂੰ ਕਿਹਾ ਕਿ ਇਹ ਹਾਦਸਾ ਅਤੇ ਸਾਜ਼ਿਸ਼ ਦੋਵੇਂ ਹੋ ਸਕਦੇ ਹਨ। ਪੁਲਿਸ ਹਰ ਪਹਿਲੂ ਤੋਂ ਜਾਂਚ ਕਰ ਰਹੀ ਹੈ। ਹੁਣ ਤੱਕ ਪੰਜ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਨ੍ਹਾਂ ਵਿੱਚ ਕਲੱਬ ਦੇ ਪ੍ਰਬੰਧਕ ਅਤੇ ਰੈਨੋਵੇਸ਼ਨ ਟੀਮ ਦੇ ਲੋਕ ਸ਼ਾਮਿਲ ਹਨ।

ਕੁਝ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਅੱਗ ਬੇਸਮੈਂਟ ਦੇ ਉਪਰਲੇ ਫਰਸ਼ ਤੱਕ ਪਹੁੰਚ ਗਈ ਅਤੇ ਉੱਥੇ ਰਹਿਣ ਵਾਲੇ ਕੁਝ ਲੋਕ ਵੀ ਮਾਰੇ ਗਏ। ਫਿਲਹਾਲ ਅੱਗ 'ਤੇ ਕਾਬੂ ਪਾ ਲਿਆ ਗਿਆ ਹੈ। ਮੌਕੇ 'ਤੇ ਮੈਡੀਕਲ ਅਤੇ ਪੁਲਿਸ ਟੀਮਾਂ ਮੌਜੂਦ ਹਨ।

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

MagGas Medical Brampton
MGM
MAGGAS MEDICAL INC.
Helping you breathe deep and rest easy.
- CPAP ਮਸ਼ੀਨ, ਮਾਸਕ ਅਤੇ ਸਪਲਾਈ
- ਮੁਫ਼ਤ ਸਲਾਹ
- ਓਨਟਾਰੀਓ ਡਿਸਏਬਿਲਟੀ ਸਪੋਰਟ ਪ੍ਰੋਗਰਾਮ ਲਈ
- ਓਨਟਾਰੀਓ ਵਰਕਸ ਲਈ ਮੁਫ਼ਤ
- ਮੁਫ਼ਤ ਡਿਲੀਵਰੀ
(647) 954-9885
20 Maritime Ont Blvd Unit 15
Brampton, ON L6S 0C2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6
Brampton, ON, L6P 3W4
Open Saturday
Providing excellent quality legal services to our clients

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

## ਅੱਜ ਨਾਮਾ

ਕਿਹੜੀ ਸੜਕ ’ਤੇ ਪਤਾ ਨਹੀਂ ਦੇਸ਼ ਜਾਂਦੈ,
ਹਰ ਥਾਂ ਕੰਡੇ ਪਏ ਸਿਰਫ ਵਿਛਾਏ ਮੀਆਂ।
ਕਿਹੜਾ ਪਿਆ ਈ ਜਾਪਦਾ ਮਗਰ ਕਿਸ ਦੇ,
ਇਹ ਵੀ ਸਮਝ ਨਾ ਕਿਸੇ ਨੂੰ ਆਏ ਮੀਆਂ।
ਜੁੜਿਆ ਕੱਲ੍ਹ ਕਿਹੜਾ ਕਿਨ੍ਹਾਂ ਨਾਲ ਸੀਗਾ,
ਛੱਡ ਕੇ ਅੱਜ ਕਹਿੰਦਾ ਬਾਏ-ਬਾਏ ਮੀਆਂ।
ਜਿੱਧਰ ਗਿਆ ਸੀ, ਓਥੇ ਵੀ ਨਹੀਂ ਇੱਜ਼ਤ,
ਕੋਈ ਵੀ ਪੱਲਾ ਨਹੀਂ ਫੜੇ-ਫੜਾਏ ਮੀਆਂ।
ਪੱਲਿਉਂ ਖਰਚ ਕੇ ਸਾਂਭੇ ਹੋਏ ਚਾਰ ਛਿੱਲੜ,
ਮੰਗਵਾਉਣੇ ਪੈਂਦੇ ਆ ਚਾਰ ਸ਼ੌਕੀਨ ਮੀਆਂ।
ਆਗੂਆਂ ਕਈਆਂ ਦੇ ਗੋਡੀਂ ਹਨ ਹੱਥ ਲਾਏ,
ਅਜੇ ਨਹੀਂ ਟਿਕਟ ਦਾ ਫੇਰ ਯਕੀਨ ਮੀਆਂ।

**ਤੀਸ ਮਾਰ ਖਾਂ**

# ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਦੋਸ਼: ਬੁਸ਼ਰਾ ਨੂੰ ਜ਼ਹਿਰ ਦਿੱਤਾ ਗਿਆ

### ਕਿਹਾ, ਪਤਨੀ ਨੂੰ ਕੁਝ ਹੋਇਆ ਤਾਂ ਆਰਮੀ ਚੀਫ ਹੋਣਗੇ ਜ਼ਿੰਮੇਵਾਰ



ਇਸਲਾਮਾਬਾਦ, 2 ਅਪ੍ਰੈਲ (ਪੋਸਟ ਬਿਊਰੋ): ਅਦਿਆਲਾ ਜੇਲ੍ਹ ਵਿਚ ਦੋ ਮਾਮਲਿਆਂ ਵਿਚ ਸਜ਼ਾ ਕੱਟ ਰਹੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਨੂੰ ਥਾਂ ਦਿੱਤੀ ਗਈ ਹੈ। ਬੁਸ਼ਰਾ ਬਨੀਗਾਲਾ ਸਥਿਤ ਖਾਨ ਦੇ ਆਲੀਸ਼ਾਨ ਘਰ 'ਚ ਸਜ਼ਾ ਕੱਟ ਰਹੀ ਹੈ। ਇਸ ਦੇ ਇੱਕ ਹਿੱਸੇ ਨੂੰ ਸਬ-ਜੇਲ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ।

ਇਮਰਾਨ ਨੇ ਇਹ ਦੋਸ਼ ਮੰਗਲਵਾਰ ਨੂੰ ਜੇਲ 'ਚ ਸਥਾਪਿਤ ਅਸਥਾਈ ਅਦਾਲਤ 'ਚ ਸੁਣਵਾਈ ਦੌਰਾਨ ਲਗਾਏ। ਸਮਾਚਾਰ ਏਜੰਸੀ ਪੀ.ਟੀ.ਆਈ. ਮੁਤਾਬਕ ਖਾਨ ਨੇ ਇਹ ਵੀ ਕਿਹਾ ਕਿ ਜੇਕਰ ਬੁਸ਼ਰਾ ਨੂੰ ਕੋਈ ਨੁਕਸਾਨ ਹੁੰਦਾ ਹੈ ਤਾਂ ਇਸ ਦੇ ਲਈ ਫੌਜ ਮੁਖੀ ਜਨਰਲ ਅਸੀਮ ਮੁਨੀਰ ਜ਼ਿੰਮੇਵਾਰ ਹੋਣਗੇ।

ਜੇਲ੍ਹ 'ਚ ਕਰੀਬ 45 ਮਿੰਟ ਚੱਲੀ ਸੁਣਵਾਈ ਦੌਰਾਨ ਇਮਰਾਨ ਨੇ ਜੱਜ ਨਾਸਿਰ ਜਾਵੇਦ ਰਾਣਾ ਨੂੰ ਕਿਹਾ ਕਿ ਮੇਰੀ ਪਤਨੀ ਨੂੰ ਜ਼ਹਿਰ ਦਿੱਤਾ ਗਿਆ ਹੈ। ਇਸ ਜ਼ਹਿਰ ਕਾਰਨ ਬੁਸ਼ਰਾ ਦੇ ਸਰੀਰ ਅਤੇ ਜੀਭ 'ਤੇ ਨਿਸ਼ਾਨ ਦਿਖਾਈ ਦਿੱਤੇ ਹਨ। ਮੈਂ ਜਾਣਦਾ ਹਾਂ ਕਿ ਇਸ ਪਿੱਛੇ ਕਿਸਦਾ ਹੱਥ ਹੈ।

ਖਾਨ ਨੇ ਅਦਾਲਤ ਨੂੰ ਕਿਹਾ ਕਿ ਮੇਰੀ ਮੰਗ ਹੈ ਕਿ ਬੁਸ਼ਰਾ ਦਾ ਚੈਕਅਪ ਸ਼ੌਕਤ ਖਾਨਮ ਹਸਪਤਾਲ ਦੇ ਡਾਕਟਰ ਅਸੀਮ ਤੋਂ ਕਰਵਾਇਆ ਜਾਵੇ। ਮੈਂ ਅਤੇ ਮੇਰੀ ਪਾਰਟੀ ਸਰਕਾਰ ਦੇ ਡਾਕਟਰਾਂ 'ਤੇ ਭਰੋਸਾ ਨਹੀਂ ਕਰ ਸਕਦੇ। ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਹੋਣੀ ਚਾਹੀਦੀ ਹੈ।

# ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨੂੰ ਭਾਰਤ ਨਾਲ ਰਿਸ਼ਤੇ ਸੁਧਰਨ ਦੀ ਉਮੀਦ



ਇਸਲਾਮਾਬਾਦ, 2 ਅਪ੍ਰੈਲ (ਪੋਸਟ ਬਿਊਰੋ): ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਉਮੀਦ ਜਤਾਈ ਹੈ ਕਿ ਭਾਰਤ 'ਚ ਆਮ ਚੋਣਾਂ ਤੋਂ ਬਾਅਦ ਗੁਆਂਢੀ ਦੇਸ਼ ਨਾਲ ਸਬੰਧਾਂ 'ਚ ਸੁਧਾਰ ਹੋਵੇਗਾ। ਆਸਿਫ਼ ਦੀਆਂ ਟਿੱਪਣੀਆਂ ਤੋਂ ਕੁਝ ਦਿਨ ਪਹਿਲਾਂ, ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਸਿੰਗਾਪੁਰ ਵਿੱਚ ਕਿਹਾ ਸੀ ਕਿ ਪਾਕਿਸਤਾਨ ਲਗਭਗ "ਉਦਯੋਗਿਕ ਪੱਧਰ" 'ਤੇ ਅੱਤਵਾਦ ਨੂੰ ਸਪਾਂਸਰ ਕਰ ਰਿਹਾ ਹੈ ਅਤੇ ਭਾਰਤ ਹੁਣ ਅੱਤਵਾਦੀਆਂ ਨੂੰ ਨਜ਼ਰਅੰਦਾਜ਼ ਕਰਨ ਦੇ ਮੂਡ ਵਿਚ ਨਹੀਂ ਹੈ, ਇਸ ਲਈ ਉਹ "ਹੁਣ ਨਜ਼ਰਅੰਦਾਜ਼ ਨਹੀਂ ਕਰੇਗਾ।

ਇਸਲਾਮਾਬਾਦ 'ਚ ਸੰਸਦ ਭਵਨ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਖਵਾਜਾ ਆਸਿਫ ਨੇ ਸੋਮਵਾਰ ਨੂੰ ਕਿਹਾ ਕਿ ਚੋਣਾਂ ਤੋਂ ਬਾਅਦ ਭਾਰਤ ਨਾਲ ਸਾਡੇ ਸਬੰਧ ਸੁਧਰ ਸਕਦੇ ਹਨ। ਉਨ੍ਹਾਂ ਕਿਹਾ ਕਿ ਦੋਨਾਂ ਦੇਸ਼ਾਂ ਵਿਚਾਲੇ ਦੁਵੱਲੇ ਸਬੰਧਾਂ ਦਾ ਆਪਣਾ ‘ਪਿੱਠਭੂਮੀ’ ਹੈ। ਅਫ਼ਗਾਨਿਸਤਾਨ ਬਾਰੇ ਗੱਲ ਕਰਦਿਆਂ ਰੱਖਿਆ ਮੰਤਰੀ ਆਸਿਫ਼ ਨੇ ਕਿਹਾ ਕਿ ਉਨ੍ਹਾਂ ਨੇ ਉੱਚ ਪੱਧਰੀ ਵਫ਼ਦ ਨਾਲ ਅਫ਼ਗਾਨਿਸਤਾਨ ਦਾ ਦੌਰਾ ਕੀਤਾ ਹੈ ਅਤੇ ਉੱਥੇ ਦੀ ਤਾਲਿਬਾਨ ਸਰਕਾਰ ਨੂੰ ਅੱਤਵਾਦ ਨੂੰ ਰੋਕਣ ਲਈ ਪ੍ਰਭਾਵੀ ਕਦਮ ਚੁੱਕਣ ਦੀ ਅਪੀਲ ਕੀਤੀ ਹੈ।

# ਗੁੰਮਰਾਹਕੁੰਨ ਇਸ਼ਤਿਹਾਰ ਮਾਮਲੇ ਵਿਚ ਰਾਮਦੇਵ ਨੇ ਸੁਪਰੀਮ ਕੋਰਟ ’ਚ ਮੰਗੀ ਮੁਆਫੀ



ਨਵੀਂ ਦਿੱਲੀ, 2 ਅਪ੍ਰੈਲ (ਪੋਸਟ ਬਿਊਰੋ): ਗੁੰਮਰਾਹਕੁੰਨ ਇਸ਼ਤਿਹਾਰ ਮਾਮਲੇ 'ਚ ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਬਾਬਾ ਰਾਮਦੇਵ ਅਤੇ ਪਤੰਜਲੀ ਆਯੁਰਵੇਦ ਦੇ ਮੈਨੇਜਿੰਗ ਡਾਇਰੈਕਟਰ ਆਚਾਰੀਆ ਬਾਲਕ੍ਰਿਸ਼ਨ ਨੂੰ ਜਵਾਬ ਦਾਇਰ ਕਰਨ ਦਾ ਆਖਰੀ ਮੌਕਾ ਦਿੱਤਾ ਹੈ। ਅਦਾਲਤ ਨੇ ਇੱਕ ਹਫ਼ਤੇ ਵਿੱਚ ਜਵਾਬ ਦਾਖ਼ਲ ਕਰਨ ਲਈ ਕਿਹਾ ਹੈ। ਅਗਲੀ ਸੁਣਵਾਈ 10 ਅਪ੍ਰੈਲ ਨੂੰ ਹੋਵੇਗੀ। ਅਦਾਲਤ ਨੇ ਕਿਹਾ ਕਿ ਰਾਮਦੇਵ ਅਤੇ ਬਾਲਕ੍ਰਿਸ਼ਨ ਨੂੰ ਸੁਣਵਾਈ ਮੌਕੇ ਹਾਜ਼ਰ ਹੋਣਾ ਚਾਹੀਦਾ ਹੈ।

ਅੱਜ ਸੁਣਵਾਈ ਦੌਰਾਨ ਰਾਮਦੇਵ ਦੇ ਵਕੀਲ ਬਲਵੀਰ ਸਿੰਘ ਨੇ ਅਦਾਲਤ ਨੂੰ ਦੱਸਿਆ ਕਿ ਯੋਗ ਗੁਰੂ ਮੁਆਫੀ ਮੰਗਣ ਲਈ ਇੱਥੇ ਮੌਜੂਦ ਹਨ। ਭੀੜ ਹੋਣ ਕਾਰਨ ਅਦਾਲਤ ਵਿੱਚ ਨਹੀਂ ਆ ਸਕੇ। ਹਲਫਨਾਮਾ ਦੇਖਣ ਤੋਂ ਬਾਅਦ ਅਦਾਲਤ ਨੇ ਫਟਕਾਰ ਲਗਾਈ ਅਤੇ ਕਿਹਾ ਕਿ ਇਹ ਸਹੀ ਹਲਫਨਾਮਾ ਨਹੀਂ ਹੈ।

ਬਲਵੀਰ ਸਿੰਘ ਨੇ ਮੁਆਫੀਨਾਮਾ ਪੜ੍ਹ ਕੇ ਸੁਣਾਇਆ ਤਾਂ ਅਦਾਲਤ ਨੇ ਕਿਹਾ ਕਿ ਅਜਿਹੇ ਮਾਮਲਿਆਂ ਵਿੱਚ ਹੁਕਮਾਂ ਦੀ ਉਲੰਘਣਾ ਕਰਨ ਵਾਲਾ ਮੁਆਫੀ ਮੰਗਦਾ ਹੈ। ਅਸੀਂ ਰਾਮਦੇਵ ਦੇ ਵਕੀਲ ਦੀ ਮੁਆਫੀ ਨਹੀਂ ਸੁਣਨਾ ਚਾਹੁੰਦੇ।

ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਅਮਾਨਤੁੱਲਾ ਦੇ ਬੈਂਚ ਨੇ ਕਿਹਾ ਕਿ ਅਸੀਂ ਰਜਿਸਟਰਾਰ ਨੂੰ ਦੋਨਾਂ ਵਿਰੁੱਧ ਝੂਠੇ ਬਿਆਨ ਦਾ ਕੇਸ ਸ਼ੁਰੂ ਕਰਨ ਦਾ ਨਿਰਦੇਸ਼ ਦਿੰਦੇ ਹਾਂ। ਅਦਾਲਤ ਨੇ ਬਲਬੀਰ ਸਿੰਘ ਨੂੰ ਕਿਹਾ ਕਿ ਤੁਸੀਂ ਤਿਆਰ ਰਹੋ। ਸੁਪਰੀਮ ਕੋਰਟ ਦੀ ਫਟਕਾਰ ਤੋਂ ਬਾਅਦ ਰਾਮਦੇਵ ਅਤੇ ਬਾਲਕ੍ਰਿਸ਼ਨ ਕੋਰਟ ਰੂਮ 'ਚ ਪਹੁੰਚੇ ਅਤੇ ਰਾਮਦੇਵ ਨੇ ਬਿਨ੍ਹਾਂ ਸ਼ਰਤ ਮੁਆਫ਼ੀ ਮੰਗ ਲਈ।

# ਦਿੱਲੀ ਸ਼ਰਾਬ ਨੀਤੀ ਕੇਸ ਵਿਚ ’ਆਪ’ ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੂੰ ਮਿਲੀ ਜ਼ਮਾਨਤ : ਨਵੀਂ ਦਿੱਲੀ

ਨਵੀਂ ਦਿੱਲੀ, 2 ਅਪ੍ਰੈਲ (ਪੋਸਟ ਬਿਊਰੋ): ਸੁਪਰੀਮ ਕੋਰਟ ਨੇ ਮੰਗਲਵਾਰ ਨੂੰ 'ਆਪ' ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੂੰ ਜ਼ਮਾਨਤ ਦੇ ਦਿੱਤੀ ਹੈ। ਸੰਜੇ ਸਿੰਘ ਨੂੰ ਮਨੀ ਲਾਂਡਰਿੰਗ ਮਾਮਲੇ 'ਚ ਪਿਛਲੇ ਸਾਲ 4 ਅਕਤੂਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਸੰਜੇ ਸਿੰਘ ਦੇ ਵਕੀਲ ਨੇ ਕਿਹਾ ਕਿ ਉਹ ਇਸ ਕੇਸ ਵਿਚ ਆਪਣੀ ਭੂਮਿਕਾ ਨਾਲ ਸਬੰਧਤ ਕੋਈ ਬਿਆਨ ਨਹੀਂ ਦੇਣਗੇ।

ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਈਡੀ ਤੋਂ ਪੁੱਛਿਆ ਸੀ ਕਿ ਕੀ ਸੰਜੇ ਸਿੰਘ ਨੂੰ ਜ਼ਿਆਦਾ ਦਿਨਾਂ ਲਈ ਜੇਲ੍ਹ ਵਿੱਚ ਰੱਖਣ ਦੀ ਲੋੜ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਸਾਨੂੰ ਇਹ ਦੇਖਣਾ ਹੋਵੇਗਾ ਕਿ ਗਵਾਹਾਂ ਦੇ ਸਾਹਮਣੇ ਉਨ੍ਹਾਂ ਦੇ ਬਿਆਨ ਲਏ ਗਏ ਹਨ ਜਾਂ ਨਹੀਂ। ਉਹ 6 ਮਹੀਨੇ ਜੇਲ੍ਹ ਵਿੱਚ ਰਹੇ। ਈਡੀ ਨੇ ਅਦਾਲਤ ਨੂੰ ਕਿਹਾ ਕਿ ਸਾਨੂੰ ਕੋਈ ਇਤਰਾਜ਼ ਨਹੀਂ ਹੈ। ਇਸ ਤੋਂ ਬਾਅਦ



ਅਦਾਲਤ ਨੇ ਸੰਜੇ ਸਿੰਘ ਨੂੰ ਜ਼ਮਾਨਤ ਦੇਣ ਦਾ ਫੈਸਲਾ ਸੁਣਾਇਆ।

ਇਸ ਸਾਲ ਜਨਵਰੀ ਵਿਚ, ਈਡੀ ਨੇ ਦਿੱਲੀ ਸ਼ਰਾਬ ਘੁਟਾਲੇ ਦੇ ਮਾਮਲੇ ਵਿੱਚ ਆਪਣੀ ਚਾਰਜਸ਼ੀਟ ਵਿੱਚ ਸੰਜੇ ਸਿੰਘ ਦਾ ਨਾਮ ਸ਼ਾਮਲ ਕੀਤਾ ਸੀ। ਮਈ 2023 ਵਿੱਚ, ਸੰਜੇ ਸਿੰਘ ਨੇ ਦਾਅਵਾ ਕੀਤਾ ਕਿ ਈਡੀ ਨੇ ਗਲਤੀ ਨਾਲ ਉਸਦਾ ਨਾਮ ਜੋੜ ਲਿਆ ਸੀ। ਇਸ 'ਤੇ ਈਡੀ ਨੇ ਕਿਹਾ ਕਿ ਸਾਡੀ ਚਾਰਜਸ਼ੀਟ 'ਚ ਚਾਰ ਥਾਂਵਾਂ 'ਤੇ ਸੰਜੇ ਸਿੰਘ ਦਾ ਨਾਂ ਲਿਖਿਆ ਗਿਆ ਹੈ। ਇਨ੍ਹਾਂ ਵਿੱਚੋਂ ਤਿੰਨ ਥਾਂਵਾਂ 'ਤੇ ਨਾਮ ਦੀ ਸਪੈਲਿੰਗ ਸਹੀ ਹੈ। ਸਿਰਫ਼ ਇੱਕ ਥਾਂ 'ਤੇ ਟਾਈਪਿੰਗ ਦੀ ਗਲਤੀ ਸੀ।

# ਪੰਜਾਬ ’ਚ ਕੰਮ ਕਰਨ ਵਾਲੇ ਜੰਮੂ-ਕਸ਼ਮੀਰ ਅਤੇ ਰਾਜਸਥਾਨ ਦੇ ਵੋਟਰਾਂ ਨੂੰ 19 ਅਪ੍ਰੈਲ ਦੀ ਵਿਸ਼ੇਸ਼ ਛੁੱਟੀ : ਸਿਬਿਨ ਸੀ

### ਉਦਯੋਗਿਕ ਅਦਾਰੇ, ਕਾਰੋਬਾਰ, ਵਪਾਰ ਜਾਂ ਕਿਸੇ ਵੀ ਹੋਰ ਅਦਾਰੇ ‘ਚ ਕੰਮ ਕਰਨ ਵਾਲੇ ਵੋਟਰ ਨੂੰ ਵੀ ਮਿਲੇਗੀ ਅਦਾਇਗੀਯੋਗ ਛੁੱਟੀ



ਚੰਡੀਗੜ੍ਹ, 2 ਅਪ੍ਰੈਲ (ਪੋਸਟ ਬਿਊਰੋ): ਲੋਕ ਸਭਾ ਚੋਣਾਂ-2024 ਦੇ ਸੰਦਰਭ ਵਿਚ ਪੰਜਾਬ ‘ਚ ਕੰਮ ਕਰਨ ਵਾਲੇ ਜੰਮੂ-ਕਸ਼ਮੀਰ ਅਤੇ ਰਾਜਸਥਾਨ ਦੇ ਵੋਟਰਾਂ ਨੂੰ ਇਨ੍ਹਾਂ ਸੂਬਿਆਂ ਵਿਚ ਵੋਟਿੰਗ ਵਾਲੇ ਦਿਨ ਯਾਨੀ 19 ਅਪ੍ਰੈਲ, 2024 ਨੂੰ ਵੋਟ ਪਾਉਣ ਲਈ ਵਿਸ਼ੇਸ਼ ਛੁੱਟੀ ਦੇਣ ਦੀ ਘੋਸ਼ਣਾ ਕੀਤੀ ਗਈ ਹੈ।

ਜਾਣਕਾਰੀ ਦਿੰਦਿਆ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਪੰਜਾਬ ਰਾਜ ਦੇ ਸਰਕਾਰੀ ਦਫ਼ਤਰਾਂ, ਬੋਰਡਾਂ/ਕਾਰਪੋਰੇਸ਼ਨਾਂ ਅਤੇ ਸਰਕਾਰੀ ਵਿੱਦਿਅਕ ਅਦਾਰਿਆਂ ਵਿੱਚ ਕੰਮ ਕਰਨ ਵਾਲੇ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਵਿੱਚੋਂ ਜੇਕਰ ਕੋਈ ਰਾਜਸਥਾਨ ਅਤੇ ਜੰਮੂ-ਕਸ਼ਮੀਰ ਦਾ ਵੋਟਰ ਹੈ ਤਾਂ ਉਹ ਵੋਟ ਪਾਉਣ ਲਈ ਆਪਣਾ ਵੋਟਰ ਕਾਰਡ ਪੇਸ਼ ਕਰਕੇ ਸਬੰਧਤ ਅਥਾਰਟੀ ਤੋਂ ਮਿਤੀ 19-04-2024 (ਸ਼ੁੱਕਰਵਾਰ) ਦੀ ਵਿਸ਼ੇਸ਼ ਛੁੱਟੀ ਲੈ ਸਕੇਗਾ। ਇਹ ਛੁੱਟੀ ਅਧਿਕਾਰੀਆਂ/ਕਰਮਚਾਰੀਆਂ ਦੇ ਛੁੱਟੀਆਂ ਦੇ ਖਾਤੇ ਵਿੱਚੋਂ ਨਹੀਂ ਕੱਟੀ ਜਾਵੇਗੀ।


ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਦੇ ਕਿਸੇ ਵੀ ਉਦਯੋਗਿਕ ਅਦਾਰੇ, ਕਾਰੋਬਾਰ, ਵਪਾਰ ਜਾਂ ਕਿਸੇ ਵੀ ਹੋਰ ਅਦਾਰੇ ਵਿੱਚ ਕੰਮ ਕਰਨ ਵਾਲੇ ਜੰਮੂ ਕਸ਼ਮੀਰ ਅਤੇ ਰਾਜਸਥਾਨ ਦੇ ਵੋਟਰ ਨੂੰ ਵੀ ਵੋਟ ਪਾਉਣ ਲਈ ਲੋਕ ਪ੍ਰਤਿਨਿਧਤਾ ਐਕਟ 1951 ਦੀ ਧਾਰਾ 135ਬੀ (1) ਮੁਤਾਬਕ 19-04-2024 ਨੂੰ ਅਦਾਇਗੀਯੋਗ ਛੁੱਟੀ ਘੋਸ਼ਿਤ ਕੀਤੀ ਗਈ ਹੈ।

ਇਸ ਤੋਂ ਇਲਾਵਾ 19 ਅਪ੍ਰੈਲ ਨੂੰ ਚੋਣਾਂ ਦੇ ਮੱਦੇਨਜ਼ਰ ਜ਼ਿਲ੍ਹਾ ਪਠਾਨਕੋਟ, ਫਾਜ਼ਿਲਕਾ ਅਤੇ ਮੁਕਤਸਰ ਸਾਹਿਬ ਵਿਖੇ ਸਥਿਤ ਸਰਕਾਰੀ ਦਫ਼ਤਰਾਂ/ਬੋਰਡਾਂ/ਕਾਰਪੋਰੇਸ਼ਨਾਂ/ਵਿੱਦਿਅਕ ਅਦਾਰਿਆਂ ਵਿਖੇ ਸਥਾਨਕ ਛੁੱਟੀ ਰਹੇਗੀ ਅਤੇ ਇਹ ਛੁੱਟੀ ਨੈਗੋਸ਼ੀਏਬਲ ਇੰਸਟਰੂਮੈਂਟ ਐਕਟ-1881 ਅਧੀਨ ਵੀ ਹੋਵੇਗੀ। ਇਸ ਸਬੰਧੀ ਪੰਜਾਬ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ।

**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

SherGill Law Firm
Barrister, Solicitor & Notary Public
Paramjit Singh Gill
(MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca


TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ
ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA
Professional Corporation
214-7895 Tranmere Drive, Mississauga ON L5S 1V9


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family

MacroGlobal
Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com


ਬਰਾੜ ਗਰਾਜ ਡੋਰ

ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS

We Install
Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

# ਪੇਂਟਿੰਗ ਅਤੇ ਸਲੋਗਨ ਰਾਈਟਿੰਗ ਮੁਕਾਬਲੇ ਦੇ ਜੇਤੂ ਬੱਚਿਆਂ ਨੂੰ ਕੀਤਾ ਸਨਮਾਨਿਤ



ਨਵਾਂਸ਼ਹਿਰ, 2 ਅਪ੍ਰੈਲ (ਗਿਆਨ ਸਿੰਘ): ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਮੋਹਾਲੀ ਵਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾ ਦੀ ਪਾਲਨਾ ਕਰਦੇ ਹੋਏ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ (ਆਈ.ਏ.ਐਸ) ਦੀ ਰਹਿਨੁਮਾਈ ਹੇਠ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਸ਼ਹੀਦ ਭਗਤ ਸਿੰਘ ਨਗਰ ਵਲੋਂ ਸਿੱਖਿਆ ਵਿਭਾਗ ਦੇ ਸਹਿਯੋਗ ਨਾਲ ਸਕੂਲੀ ਬੱਚਿਆਂ ਦੇ ਸਲੋਗਨ ਰਾਈਟਿੰਗ ਮੁਕਾਬਲੇ ਕਰਵਾਏ ਗਏ। ਉਕਤ ਮੁਕਾ-ਬਲੇ ਦੌਰਾਨ ਐਲੀਮੈਂਟਰੀ ਸਿੱਖਿਆ ਵਿੱਚ ਸਰਕਾਰੀ ਪ੍ਰਾਈਮਰੀ ਸਕੂਲ, ਮਕੰਦਪੁਰ ਤੋਂ ਪੰਜਵੀ ਜਮਾਤ ਦੀ ਵਿਦਿਆਰਥਣ ਅਰਨਜੀਤ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਸਰਕਾਰੀ ਪ੍ਰਾਇਮਰੀ ਸਕੂਲ, ਬੈਰਸੀਆ ਦੇ ਪੰਜਵੀਂ ਜਮਾਤ ਦੇ ਵਿਦਿਆਰਥੀ ਸ਼ਰਨਜੀਤ ਕੁਮਾਰ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ, ਰਾਮਗੜ੍ਹ ਤੋਂ ਪੰਜਵੀ ਜਮਾਤ ਦੀ ਵਿਦਿਆਰਥਣ ਸੁਖਮਨੀ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਸਲੋਗਨ ਮੁਕਾਬਲੇ ਦੋਰਾਨ ਸੈਕੰਡਰੀ ਸਿੱਖਿਆ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਹੇੜੀਆਂ ਤੋਂ ਨੋਵੀਂ ਜਮਾਤ ਦੀ ਵਿਦਿਆਰਥਣ ਦੀਕਸ਼ਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ , ਬਾਬਾ ਗੋਲਾ ਸੀਨੀਅਰ ਸੈਕੰਡਰੀ ਸਕੂਲ ਬੰਗਾ ਤੋਂ ਬਾਰਵੀਂ ਜਮਾਤ ਦੀ ਵਿਦਿਆਰਥਣ ਮੁਸਕਾਨ ਰਾਣੀ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੂਸਾਪੁਰ ਤੋਂ ਦਸਵੀਂ ਜਮਾਤ ਦੇ ਵਿਦਿਆਰਥੀ ਅਰਜੁਨ ਕੁਮਾਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

ਸਲੋਗਨ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਜੇਤੂ ਬੱਚਿਆਂ ਨੂੰ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਵਲੋਂ 5100 ਰੁਪਏ, ਦੂਸਰਾ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆ ਨੂੰ 3100 ਰੁਪਏ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ 2100 ਰੁਪਏ ਰਾਸ਼ੀ ਇਨਾਮ ਵਜੋਂ ਦਿੱਤੀ ਗਈ ।

ਉਪਰੋਕਤ ਤੋਂ ਇਲਾਵਾ ਬਾਲ ਭਲਾਈ ਕੌਂਸਲ,ਪੰਜਾਬ ਵਲੋਂ ਕਰਵਾਏ ਗਏ ਰਾਜ ਪੱਧਰੀ ਪੇਟਿੰਗ ਮੁਕਾਬਲੇ ਵਿੱਚ ਜਿਲ੍ਹਾ ਨਵਾਂਸ਼ਹਿਰ ਦੇ ਚਾਰ ਬੱਚੇ ਜੇਤੂ ਰਹੇ । ਜਿਨ੍ਹਾਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਖਾਨ ਖਾਨਾ ਤੋਂ ਪੰਜਵੀਂ ਜਮਾਤ ਦੀ ਵਿਦਿਆਰਥਣ ਏਂਜਲ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਸਰਕਾਰੀ ਸੀ.ਸੈ.ਸਕੂਲ, ਰੇਟੇਂਡਾ ਤੋਂ ਗਿਆਰਵੀ ਜਮਾਤ ਦੇ ਵਿਦਿਆਰਥੀ ਹਰਪ੍ਰੀਤ ਸਿੰਘ ਨੇ ਚੌਥਾ ਸਥਾਨ ਪ੍ਰਾਪਤ ਕੀਤਾ, ਸਰਕਾਰੀ ਹਾਈ ਸਕੂਲ ,ਗੁਣਾਚੌਰ ਤੋਂ ਨੌਵੀਂ ਜਮਾਤ ਦੇ ਵਿਦਿਆਰਥੀ ਦਮਨ ਕੁਮਾਰ ਨੇ ਪੰਜਵਾ ਸਥਾਨ ਪ੍ਰਾਪਤ ਕੀਤਾ ਅਤੇ ਸਰਕਾਰੀ ਪ੍ਰਾਈਮਰੀ ਸਕੂਲ, ਮੁਕੰਦਪੁਰ ਤੋਂ ਚੌਥੀ ਜਮਾਤ ਦੀ ਵਿਦਿਆਰਥਣ ਲਵਨੀਤ ਕੌਰ ਨੇ ਪੰਜਵਾ ਸਥਾਨ ਹਾਸਿਲ ਕੀਤਾ। ਰਾਜ ਪੱਧਰੀ ਪੇਟਿੰਗ ਮੁਕਾਬਲੇ ਦੇ ਜੇਤੂ ਬੱਚਿਆ ਨੂੰ ਡਿਪਟੀ ਕਮਿਸ਼ਨਰ ਵਲੋਂ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਉਕਤ ਪ੍ਰੋਗਰਾਮ ਦੋਰਾਨ ਜੇਤੂ ਬੱਚਿਆ ਨੂੰ ਜਿਲ੍ਹਾ ਬਾਲ ਸੁਰੱਖਿਆ ਯੂਨਿਟ ਵਲੋਂ ਰਿਫਰੈਸ਼ਮੈਂਟ ਵੀ ਦਿੱਤੀ ਗਈ । ਪ੍ਰੋਗਰਾਮ ਦੋਰਾਨ ਜੇਤੂ ਬੱਚਿਆਂ ਦੇ ਨਾਲ ਵੱਖ-ਵੱਖ ਸਕੂਲਾਂ ਦੇ ਅਧਿਆਪਕ ਵੀ ਸ਼ਾਮਿਲ ਸਨ ।ਪ੍ਰੋਗਰਾਮ ਦੋਰਾਨ ਜਿਲ੍ਹਾ ਬਾਲ ਸੁਰੱਖਿਆ ਯੂਨਿਟ ਵਲੋਂ ਸ਼੍ਰੀਮਤੀ ਕੰਚਨ ਅਰੋੜਾ (ਜਿਲ੍ਹਾ ਬਾਲ ਸੁਰੱਖਿਆ ਅਫਸਰ),ਰਜਿੰਦਰ ਕੌਰ ,(ਸੀ.ਪੀ..ਓ )(ਐਨ.ਆਈ.ਸੀ),ਸ਼ਾਨੂੰ ਰਾਣਾ (ਅਕਾਊਟੈਂਟ), ਕਾਂਤਾ (ਆਊਟਰੀਚ ਵਰਕਰ) ਮੌਜੂਦ ਸਨ।

Tech Spirit
Consultation, Installation & Servicing
Specialized in:
- Analog & IP security cameras
- Installation & Maintenance, Upgrade
- Video Doorbell Installation
Call: 905-621-4100
7-8770 The Gore Road, Brampton, ON L6P 0B1
1080p HD ਦੇ 4 ਸਿਕਉਰਟੀ ਕੈਮਰੇ ਸਿਰਫ $999 ਵਿੱਚ ਲਗਵਾਓ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well settled Ramgarhia Family living in Winnipeg from 16 years looking for a suitable match for their son 33-year-old,5-10 Tall, clean shaved, Active in Real Estate Business and financing Business Manitoba and Ontario.
Contact number-204-510-7658 and 519-917-5055.
7Feb

Sikh Tonk kashtriya Boy Feb/1993 Born, height 5.11”, B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ ’ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ ’ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5’3”. Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5’4” tall, has a bachelor’s degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4”, ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ ’ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5’-3”, ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

Visions of Punjab
VISION ZOOMERTV
Airs Across Canada Every Saturday 1:00 pm to 1:30 pm EST 10:00 am to 10:30 am PST
Mahal Entertainment Inc.
Cell:416-587-5520 Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਸੈਲ ਐਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਮੇਰੀ ਖੇਡ ਲੇਖਣੀ ਦੀ ਮੈਰਾਥਨ ਅਜੇ ਜਾਰੀ

-ਪ੍ਰਿੰ. ਸਰਵਣ ਸਿੰਘ-

ਮੈਂ 1966 ਤੋਂ ਖੇਡਾਂ ਖਿਡਾਰੀਆਂ ਬਾਰੇ ਲਿਖਦਾ ਆ ਰਿਹਾਂ।ਮੇਰੀ ਪਹਿਲੀ ਪੁਸਤਕ 'ਪੰਜਾਬ ਦੇ ਉੱਘੇ ਖਿਡਾਰੀ' ਨਵਯੁਗ ਪਬਲਿਸ਼ਰਜ਼ ਦਿੱਲੀ ਨੇ ਪ੍ਰਕਾਸ਼ਿਤ ਕੀਤੀ ਸੀ। ਫਿਰ 50ਅੰਤਰਰਾਸ਼ਟਰੀ ਖਿਡਾਰੀਆਂ ਬਾਰੇ ਪੁਸਤਕ 'ਪੰਜਾਬੀ ਖਿਡਾਰੀ' ਪੰਜਾਬੀ ਯੂਨੀਵਰਸਿਟੀ ਨੇ ਪ੍ਰਕਾਸ਼ਿਤ ਕੀਤੀ ਜਿਸ ਦਾ ਅੰਗਰੇਜ਼ੀ ਅਨੁਵਾਦ ਵੀ ਯੂਨੀਵਰਸਿਟੀ ਨੇ ਛਪਵਾਇਆ। 85 ਖਿਡਾਰੀਆਂ ਦੇ ਰੇਖਾ ਚਿੱਤਰਾਂ ਦੀ ਕਿਤਾਬ 'ਚੋਣਵੇਂ ਪੰਜਾਬੀ ਖਿਡਾਰੀ' ਨੈਸ਼ਨਲ ਬੁੱਕ ਟ੍ਰੱਸਟ ਦਿੱਲੀ ਨੇ ਪ੍ਰਕਾਸ਼ਿਤ ਕੀਤੀ। ਪੰਜਾਬੀ ਯੂਨੀਵਰਸਿਟੀ ਦੀ ਪੁਸਤਕ 'ਪੰਜਾਬ ਦੀਆਂ ਦੇਸੀ ਖੇਡਾਂ' ਵਿੱਚ ਮੈਂ 87 ਖੇਡਾਂ ਦਾ ਵੇਰਵਾ ਦਿੱਤਾ। ਕਦੇ ਕਬੱਡੀ ਦੇ ਨਾਮੀ ਖਿਡਾਰੀਆਂ ਤੇ ਪ੍ਰਮੋਟਰਾਂ ਬਾਰੇ ਵਡਆਕਾਰੀ ਪੁਸਤਕ'ਸਟਾਰ ਕਬੱਡੀ ਦੇ' ਵੀ ਲਿਖਾਂਗਾ ਪਰ ਉਸ ਤੋਂ ਪਹਿਲਾਂ 'ਜੱਗ ਜੇਤੂਆਂ ਦੀ ਗਾਥਾ: ਦੁਨੀਆ ਦੇ ਮਹਾਨ ਖਿਡਾਰੀ' ਪੁਸਤਕ ਪੇਸ਼ ਕਰ ਰਿਹਾਂ। ਇਸ ਦਾ ਪਹਿਲਾ ਲੇਖ ਮਹਾਂਬਲੀ ਪਹਿਲਵਾਨ ਕਿੱਕਰ ਸਿੰਘ ਬਾਰੇ ਹੈ ਤੇ ਅਖੀਰਲਾ ਤੇਜ਼ਤਰਾਰ ਦੌੜਾਕ ਉਸੈਨ ਬੋਲਟ ਬਾਰੇ।

ਪੁਸਤਕ ਦਾ ਸ਼ੀਸ਼ਾ

ਕਿੱਕਰ ਸਿੰਘ ਦੇਵ-ਏ-ਹਿੰਦ, ਹਿੰਦ ਮਹਾਂਦੀਪ ਦਾ ਮਹਾਂਬਲੀ ਪਹਿਲਵਾਨ ਸੀ। ਉਹਦਾ ਕੱਦ ਸੱਤ ਫੁੱਟ ਤੇ ਭਾਰ ਸੱਤ ਮਣ ਸੀ। ਐੱਸ ਮਾਜੁਮਦਾਰ ਦੇ ਕਥਨ ਅਨੁਸਾਰ: ਮੈਂ ਉਹਦੀ ਛਾਤੀ ਦੁਆਲੇ ਫੀਤਾ ਵਲ੍ਹਿਆ। ਮਿਣਤੀ ਵੇਖੀ ਤਾਂ 80 ਇੰਚ ਨਿਕਲੀ! ਉਹਦੇ ਅੱਖੜ ਸੁਭਾਅ ਤੋਂ ਡਰਦਾ ਮੈਂ ਡੌਲ਼ੇ, ਪੱਟ ਤੇ ਲੱਕ ਨਾ ਮਿਣ ਸਕਿਆ...।

ਅਮਰੀਕਾ ਦਾ ਰੇਅ ਏਵਰੀ ਅਲੋਕਾਰ ਅਥਲੀਟ ਸੀ। ਉਸ ਨੂੰ 'ਹਿਊਮਨ ਫਰੌਗ' ਕਿਹਾ ਜਾਂਦਾ ਸੀ। ਉਹ ਖੜ੍ਹਾ ਖੜੋਤਾ ਸਾਢੇ ਗਿਆਰਾਂ ਫੁੱਟ ਦਾ ਛੜੱਪਾ ਮਾਰ ਜਾਂਦਾ ਤੇ ਪੌਣੇ ਛੇ ਫੁੱਟ ਉੱਚੀ ਕੰਧ ਟੱਪ ਜਾਂਦਾ। ਉਸ ਨੂੰ 'ਰਬੜ ਦਾ ਬੰਦਾ' ਕਿਹਾ ਜਾਣ ਲੱਗਾ ਸੀ। ਉਸ ਨੇ ਓਲੰਪਿਕ ਖੇਡਾਂ ਵਿੱਚੋਂ 8 ਗੋਲਡ ਮੈਡਲ ਜਿੱਤੇ...।

ਗਾਮਾ ਭਲਵਾਨ ਰੋਜ਼ਾਨਾ ਤਿੰਨ ਹਜ਼ਾਰ ਡੰਡ ਕੱਢਦਾ ਤੇ ਪੰਜ ਹਜ਼ਾਰ ਬੈਠਕਾਂ ਮਾਰਦਾ। ਗਲ਼ 'ਚ 95 ਕਿਲੋ ਦਾ ਪੱਥਰ ਪਾ ਕੇ ਦੌੜਦਾ। ਉਹਦਾਭਾਰ 112 ਕਿਲੋਗਰਾਮ ਸੀ। ਉਸ ਨੇ 12 ਕੁਇੰਟਲ ਦਾ ਪੱਥਰ ਚੁੱਕ ਦਿੱਤਾ ਸੀ ਜੋ ਬੜੌਦੇ ਦੇ ਅਜਾਇਬ ਘਰ 'ਚ ਪਿਐ। ਉਸ ਉੱਪਰ ਲਿਖਿਆ ਹੋਇਐ: 1200 ਕਿਲੋਦਾ ਇਹ ਪੱਥਰ ਗਾਮਾ ਪਹਿਲਵਾਨ 23 ਦਸੰਬਰ 1902 ਨੂੰ ਛਾਤੀ ਤੱਕ ਉਠਾ ਕੇ ਕੁੱਝ ਕਦਮ ਤੁਰਿਆ ਵੀ ਸੀ...।

ਜਿਮ ਥੋਰਪੇ 20ਵੀਂ ਸਦੀ ਦਾ ਆਲਰਾਊਂਡਰ ਅਥਲੀਟ ਸੀ। 1912 ਦੀਆਂ ਓਲੰਪਿਕ ਖੇਡਾਂ 'ਚ ਉਸ ਨੂੰ ਗੋਲਡ ਮੈਡਲ ਭੇਟ ਕਰਦਿਆਂ ਸਵੀਡਨ ਦੇ ਬਾਦਸ਼ਾਹ ਨੇ ਕਿਹਾ ਸੀ, "ਸਰ, ਯੂ ਆਰ ਗ੍ਰੇਟੈੱਸਟ ਅਥਲੀਟ ਆਫ਼ ਦਾ ਵਰਲਡ!" ਪਰ 'ਪੇਸ਼ਾਵਰ' ਖਿਡਾਰੀ ਹੋਣ ਦਾ ਦੋਸ਼ ਲੱਗ ਜਾਣ 'ਤੇ ਉਹਦੇ ਓਲੰਪਿਕ ਮੈਡਲ ਵਾਪਸ ਲੈ ਲਏ ਗਏ ਜੋ ਜਿਮ ਦੇ ਮਰਨ ਉਪਰੰਤ ਉਹਦੇ ਵਾਰਸਾਂ ਨੂੰ ਮੋੜੇ ਗਏ...।

ਪਾਵੋ ਨੁਰਮੀ ਨੂੰ 'ਫਲਾਈਂਗ ਫਿੰਨ', 'ਫੈਂਟਮ ਫਿੰਨ', 'ਕਿੰਗ ਆਫ਼ ਰਨਰਜ਼' ਤੇ 'ਪੀਅਰਲੈੱਸ ਪਾਵੋ' ਦੇ ਖ਼ਿਤਾਬ ਮਿਲੇ। ਬੇਸ਼ੱਕ ਲੰਮੀਆਂ ਦੌੜਾਂ ਰੱਤ-ਪੀਣੀਆਂ ਕਹੀਆਂ ਜਾਂਦੀਆਂ ਹਨ ਫਿਰ ਵੀ ਪਾਵੋ ਨੁਰਮੀ ਵਰ੍ਹਿਆਂ-ਬੱਧੀ ਲਹੂ-ਪੀਣੀਆਂ ਦੌੜਾਂ ਦੌੜਦਾ ਰਿਹਾ। ਉਹਦਾ ਦੌੜਦੇ ਦਾਸਲੇਟੀ ਬੁੱਤ ਹੈਲਸਿੰਕੀ ਦੇ ਓਲੰਪਿਕ ਸਟੇਡੀਅਮ ਦੀ ਸ਼ਾਨ ਹੈ...।

ਤੈਰਨ ਦਾ ਵਿਸ਼ਵ ਚੈਂਪੀਅਨ ਤੇ ਫਿਲਮਾਂ ਦਾ ਸੁਪਰਮੈਨ ਜੌਨ੍ਹੀ ਟਾਰਜ਼ਨ ਦਰਸ਼ਕਾਂ ਨੂੰ ਦੰਗ ਕਰਨ ਵਾਲਾ ਹੀਰੋ ਸੀ! ਉਸ ਨੇ ਪੈਰਿਸ-1924 ਤੇ ਐਮਸਟਰਡਮ-1928 ਦੀਆਂ ਓਲੰਪਿਕ ਖੇਡਾਂ 'ਚੋਂ ਇੱਕ ਕਾਂਸੀ ਤੇ ਪੰਜ ਸੋਨੇ ਦੇ ਤਗਮੇ ਜਿੱਤੇ। ਉਸ ਨੇ ਮਿਸ਼ੀਗਨ ਲੇਕ 'ਚ ਤੈਰਨਾ ਸ਼ੁਰੂ ਕੀਤਾ ਸੀ ਅਤੇ ਵਿਸ਼ਵ ਚੈਂਪੀਅਨ ਬਣ ਕੇ ਦਮ ਲਿਆ ਸੀ...।

ਹਾਕੀ ਦੇ ਜਾਦੂਗਰ ਧਿਆਨ ਚੰਦ ਦਾ ਅਸਲੀ ਨਾਂ ਧਿਆਨ ਸਿੰਘ ਸੀ। ਉਸ ਨੂੰ ਖੇਡਦਿਆਂ ਰਾਤ ਪੈ ਜਾਂਦੀ। ਪਰ ਉਹ ਰਾਤ ਨੂੰ ਵੀ ਚੰਦ ਚਾਂਦਨੀ 'ਚ ਖੇਡਦਾ ਰਹਿੰਦਾ। ਚੰਦ ਦੇ ਚਾਨਣ ਵਿੱਚ ਖੇਡਦਾ ਰਹਿਣ ਕਰਕੇ ਉਹਦੇ ਫੌਜੀ ਸਾਥੀ ਉਸ ਨੂੰ ਧਿਆਨ ਚੰਦ ਕਹਿਣ ਲੱਗ ਪਏ ਅਤੇ ਉਸ ਦਾ ਨਾਂ ਹੀ ਧਿਆਨ ਸਿੰਘ ਤੋਂ ਧਿਆਨ ਚੰਦ ਪੱਕ ਗਿਆ...।

ਜੇਸੀ ਓਵੇਂਜ ਮਨੁੱਖੀ ਜੁੱਸੇ ਵਿੱਚ ਤਾਕਤ ਦਾ ਬੰਬ ਸੀ। ਜਦ ਦੌੜਦਾ ਤਾਂ ਲੱਗਦਾ ਜਿਵੇਂ ਉਹਦੇ ਪੈਰਾਂ ਹੇਠ ਅੱਗ ਮੱਚਦੀ ਹੋਵੇ। ਉਸ ਨੇ 5 ਮਈ 1935 ਨੂੰ 45 ਮਿੰਟਾਂ 'ਚ ਤਿੰਨ ਵਿਸ਼ਵ ਰਿਕਾਰਡ ਤੋੜੇ ਤੇ ਚੌਥਾ ਬਰਾਬਰ ਕੀਤਾ। ਲੰਮੀ ਛਾਲ ਦਾ ਵਿਸ਼ਵ ਰਿਕਾਰਡ 24 ਸਾਲ ਉਹਦੇ ਨਾਂ ਖੜ੍ਹਾ ਰਿਹਾ! ਉਹਦਾ ਬਚਪਨ ਬੇਸ਼ਕ ਅੰਤਾਂ ਦੀ ਗ਼ਰੀਬੀ 'ਚ ਗੁਜ਼ਰਿਆ ਸੀ ਪਰ ਉਹ ਗੋਦੜੀ ਦਾ ਲਾਲ ਸਾਬਤ ਹੋਇਆ...।

ਬਲਬੀਰ ਸਿੰਘ ਸੀਨੀਅਰ ਓਲੰਪਿਕ ਖੇਡਾਂ 'ਚੋਂ ਤਿੰਨ ਗੋਲਡ ਮੈਡਲ ਜਿੱਤਣ ਕਰਕੇ 'ਗੋਲਡਨ ਹੈਟ ਟ੍ਰਿਕ' ਵਾਲਾ ਬਲਬੀਰ ਵੱਜਦੈ। ਹੈਲਸਿੰਕੀ ਦੀਆਂ ਓਲੰਪਿਕ ਖੇਡਾਂ ਵਿੱਚ ਸੈਮੀ ਫਾਈਨਲ ਤੇ ਫਾਈਨਲ ਮੈਚਾਂ 'ਚ ਭਾਰਤੀ ਟੀਮ ਦੇ 9 ਗੋਲਾਂ 'ਚੋਂ 8 ਗੋਲ ਉਹਦੀ ਸਟਿੱਕ ਨਾਲ ਹੋਏ। ਹਾਲੈਂਡ ਵਿਰੁੱਧ ਫਾਈਨਲ ਮੈਚ ਵਿੱਚ ਭਾਰਤੀ ਟੀਮ ਦੇ 6 ਗੋਲਾਂ 'ਚੋਂ ਉਸ ਦੇ 5 ਗੋਲ ਸਨ ਜੋ ਅਜੇ ਵੀ ਓਲੰਪਿਕ ਰਿਕਾਰਡ ਹੈ...।

ਊਧਮ ਸਿੰਘ 'ਊਧੀ'ਨਿੱਕੇ ਕੱਦ ਦਾ ਵੱਡਾ ਖਿਡਾਰੀ ਸੀ। ਉਹ ਪੰਜ ਓਲੰਪਿਕਸ ਖੇਡਣ ਲਈ ਚੁਣਿਆ ਗਿਆ ਸੀ ਪਰ ਦੋ ਉਂਗਲਾਂ ਟੁੱਟ ਜਾਣ ਕਾਰਨ ਚਾਰ ਓਲੰਪਿਕਸ ਹੀ ਖੇਡ ਸਕਿਆ। ਓਲੰਪਿਕ ਖੇਡਾਂ 'ਚੋਂ ਉਸ ਨੇ ਤਿੰਨ ਗੋਲਡ ਮੈਡਲ ਜਿੱਤੇ ਤੇ ਇੱਕ ਸਿਲਵਰ ਜੋ ਹਾਲੇ ਵੀ ਹਾਕੀ ਦਾ ਓਲੰਪਿਕ ਰਿਕਾਰਡ ਹੈ...।

ਕਦੇ ਮੀਲ ਦੀ ਦੌੜ 4 ਮਿੰਟ ਤੋਂ ਘੱਟ ਸਮੇਂ 'ਚ ਦੌੜਨੀ ਅਸੰਭਵ ਮੰਨੀ ਜਾਂਦੀ ਸੀ। ਆਖ਼ਰ ਰੌਜਰ ਬੈਨਿਸਟਰ ਨੇ 6 ਮਈ 1954 ਨੂੰ ਔਕਸਫੋਰਡ ਦੇ ਟ੍ਰੈਕ 'ਚ ਚਾਰ ਮਿੰਟ ਦੀ ਅਸੰਭਵ ਮੰਨੀ ਜਾਂਦੀ ਹੱਦ ਤੋੜ ਦਿੱਤੀ। ਰੌਜਰ ਦਿਮਾਗੀ ਬਿਮਾਰੀਆਂ ਦਾ ਨਾਮਵਰਡਾਕਟਰ ਬਣ ਕੇ 89 ਸਾਲ ਜੀਵਿਆ ਤੇ ਔਕਸਫੋਰਡ ਵਿੱਚ ਹੀ ਪਰਲੋਕ ਸਿਧਾਰਿਆ...।

ਅਬੇਬੇ ਬਕੀਲਾ ਪ੍ਰਥਮਦੌੜਾਕ ਸੀ ਜਿਹੜਾ ਲਗਾਤਾਰ ਦੋ ਵਾਰ ਓਲੰਪਿਕ ਖੇਡਾਂ ਦੀ ਮੈਰਾਥਨ ਦੌੜ ਜਿੱਤਿਆ। ਉਹ ਪਹਿਲਾ ਅਫਰੀਕੀ ਅਥਲੀਟ ਸੀ ਜਿਸ ਨੇ ਅਫਰੀਕਾ ਦੇ ਨੌਜੁਆਨਾਂ ਨੂੰ ਓਲੰਪਿਕ ਚੈਂਪੀਅਨ ਬਣਨ ਦੇ ਰਾਹ ਪਾਇਆ। ਕੀਨੀਆ ਦੇ ਦੌੜਾਕਾਂ ਨੇ ਤਾਂ ਜਿਵੇਂ ਮੈਰਾਥਨ ਦੌੜਾਂ ਜਿੱਤਣ ਦਾ ਅਸ਼ਟਾਮ ਹੀ ਆਪਣੇ ਨਾਂ ਕਰਾ ਲਿਆ ਹੋਵੇ...।

ਲਾਰੀਸਾ ਲਤੀਨੀਨਾ ਬਾਰੇ ਲਿਖਣਾ ਲਫ਼ਜ਼ਾਂ ਦੀ ਜਿਮਨਾਸਟਿਕਸ ਕਰਨਾ ਹੈ। ਉਹ 1954 ਤੋਂ 1966 ਤਕ ਆਲਮੀ ਪੱਧਰ 'ਚ ਛਾਈ ਰਹੀ। 'ਫਲਾਈਂਗ ਫਿਸ਼' ਮਾਈਕਲ ਫੈਲਪਸ ਤੋਂ ਪਹਿਲਾਂ ਓਲੰਪਿਕ ਖੇਡਾਂ 'ਚੋਂ ਸਭ ਤੋਂ ਵੱਧ ਤਗਮੇ ਜਿੱਤਣ ਦਾ ਰਿਕਾਰਡ ਸੋਵੀਅਤ ਰੂਸ ਦੀ ਲਾਰੀਸਾ ਲਤੀਨੀਨਾ ਦਾ ਹੀ ਸੀ...।


ਅਮਰੀਕਾ ਦਾ ਅਲ ਓਰਟਰ ਡਿਸਕਸ ਦਾ ਲਾਸਾਨੀ ਸੁਟਾਵਾ ਸੀ। ਉਸ ਨੇ ਮੈਲਬੋਰਨ-56, ਰੋਮ-60, ਟੋਕੀਓ-64 ਤੇ ਮੈਕਸੀਕੋ-68 ਦੀਆਂ ਓਲੰਪਿਕ ਖੇਡਾਂ ਵਿੱਚੋਂ ਲਗਾਤਾਰ ਚਾਰ ਗੋਲਡ ਮੈਡਲ ਜਿੱਤੇ। ਓਲੰਪਿਕ ਖੇਡਾਂ ਦੇ ਇਤਿਹਾਸ ਵਿੱਚ ਅਜਿਹਾ ਪਹਿਲੀ ਵਾਰ ਹੋਇਆ। ਚਾਰ ਓਲੰਪਿਕ ਰਿਕਾਰਡਾਂ ਨਾਲ ਉਸ ਨੇ ਚਾਰੇ ਵਾਰ ਨਵੇਂ ਵਿਸ਼ਵ ਰਿਕਾਰਡ ਵੀ ਰੱਖੇ...।

ਵਿਲਮਾ ਰੁਡੋਲਫ ਦੀ ਬਾਤ ਪਾਉਂਦਿਆਂ ਮਨ 'ਚ ਆਉਂਦੈ, "ਕੀ ਇੰਜ ਹੋ ਸਕਦੈ? ਕੋਈ ਅਪਾਹਜ ਬੱਚਾ ਵੀ ਖੇਡ ਅੰਬਰ ਦਾ ਤਾਰਾ ਬਣ ਸਕਦੈ ਤੇ ਇੱਕੋ ਓਲੰਪਿਕਸ ਵਿੱਚੋਂ ਤਿੰਨ ਗੋਲਡ ਮੈਡਲ ਜਿੱਤ ਸਕਦੈ?" ਪ੍ਰਤੱਖ ਹੈ ਕਿ ਜੋ ਕੁੱਝ ਵਿਲਮਾ ਨੇ ਕਰ ਵਿਖਾਇਐ ਉਹ ਹੋਰ ਬੱਚੇ ਵੀ ਕਰ ਸਕਦੇ ਹਨ ਬਸ਼ਰਤੇ ਉਹ ਵਿਲਮਾ ਵਾਂਗ ਹਿੰਮਤੀ ਬਣਨ...।

ਬ੍ਰਾਜ਼ੀਲ ਦੇ ਪੇਲੇ ਨੂੰ 1999 ਵਿੱਚ ਫੀਫਾ ਨੇ ਸ਼ਤਾਬਦੀ ਦਾ ਸਰਬੋਤਮ ਫੁੱਟਬਾਲ ਖਿਡਾਰੀ ਐਲਾਨਿਆ। ਉਸ ਨੇ ਪਹਿਲੇ ਦਰਜੇ ਦੇ 1363 ਮੈਚ ਖੇਡਦਿਆਂ 1283 ਗੋਲ ਕਰਨ ਦਾ ਰਿਕਾਰਡ ਰੱਖਿਆ! ਉਹ ਵੀਹ ਵਰ੍ਹੇ ਉੱਚ ਪੱਧਰੀ ਫੁੱਟਬਾਲ ਖੇਡਿਆ ਤੇ ਤਿੰਨ ਵਿਸ਼ਵ ਕੱਪ ਜਿੱਤੇ। ਬ੍ਰਾਜ਼ੀਲ ਦਾ ਉਹ 'ਕਾਲਾ ਮੋਤੀ' ਸੀ ਜੀਹਨੂੰ ਅਨੇਕ ਖ਼ਿਤਾਬਾਂ ਨਾਲ ਸਨਮਾਨਿਆ ਗਿਆ...।

ਮੁਹੰਮਦ ਅਲੀ ਬਾਰੇ ਲਿਖਣਾ ਲਫਜ਼ਾਂ ਨਾਲ ਘੁਲਣਾ ਹੈ। ਉਸ ਨੇ ਧਰਮ ਬਦਲਿਆ, ਨਾਂ ਬਦਲਿਆ, ਸ਼ੌਕ ਬਦਲੇ ਤੇ ਪਤਨੀਆਂਬਦਲ ਕੇ ਚਾਰ ਵਿਆਹ ਕੀਤੇ। ਤਿੰਨ ਵਾਰ ਮੁੱਕੇਬਾਜ਼ੀ ਦਾ ਵਿਸ਼ਵ ਚੈਂਪੀਅਨ ਤੇ ਨੌਂ ਬੱਚਿਆਂ ਦਾ ਬਾਪ ਬਣਿਆ। ਆਖ਼ਰ ਪਾਰਕਿਨਸਨ ਦੀ ਬਿਮਾਰੀ ਦਾ ਸ਼ਿਕਾਰ ਹੋਇਆ ਤੇ 74 ਸਾਲ ਦੀ ਉਮਰ ਵਿੱਚ ਅੱਲਾ ਨੂੰ ਪਿਆਰਾ ਹੋ ਗਿਆ...।

ਵਾਸਿਲੀ ਅਲੈਕਸੀਏਵ ਵੇਟਲਿਫਟਿੰਗ ਦੇ 80 ਵਿਸ਼ਵ ਰਿਕਾਰਡ ਤੋੜੇ! ਪ੍ਰੈਕਟਿਸ ਕਰਦਿਆਂ ਉਸ ਨੇ ਏਨਾ ਵਜ਼ਨ ਚੁੱਕਿਆ ਜੋ ਰੇਲ ਦੇ ਇੰਜਣ ਤੋਂ ਵੀ ਨਾ ਖਿੱਚਿਆ ਜਾ ਸਕੇ। ਜਿਵੇਂ ਬਕੀਲੇ ਬਾਰੇ ਕਿਹਾ ਜਾਂਦੈ ਕਿ ਉਸ ਨੇ ਲੱਖ ਮੀਲ ਤੋਂ ਵੱਧ ਦੌੜਨ ਦਾ ਅਭਿਆਸ ਕੀਤਾ ਹੋਵੇਗਾ ਉਵੇਂ ਅਲੈਕਸੀਏਵ ਨੇ ਵੀ ਬਾਲੇ ਕੱਢਦਿਆਂ ਲੱਖ ਟਨ ਤੋਂ ਵੱਧ ਵਜ਼ਨ ਉਠਾਇਆ ਹੋਵੇਗਾ...।




ਵਲੇਰੀ ਬਰੂਮਲ ਨੂੰ ਸਾਇਬੇਰੀਆ ਦਾ 'ਉਡਣਾ ਪੰਛੀ' ਕਿਹਾ ਜਾਂਦਾ ਸੀ। 1961-63 ਦੌਰਾਨ ਉਸ ਨੇ ਉੱਚੀ ਛਾਲ ਦੇ ਛੇ ਵਾਰ ਵਿਸ਼ਵ ਰਿਕਾਰਡ ਤੋੜੇ। ਉਹਦਾ 7 ਫੁੱਟ ਪੌਣੇ 6 ਇੰਚ ਦਾ ਆਖ਼ਰੀ ਵਿਸ਼ਵ ਰਿਕਾਰਡ 8 ਸਾਲ ਕਾਇਮ ਰਿਹਾ। ਜੇਕਰ ਉਹਦਾ ਐਕਸੀਡੈਂਟ ਨਾ ਹੁੰਦਾ ਤਾਂ ਸੰਭਵ ਸੀ ਉਹ ਹੋਰ ਵੀ ਉੱਚੇ ਵਿਸ਼ਵ ਰਿਕਾਰਡ ਰੱਖਦਾ...।

ਵਿਕਟਰ ਸਨੇਯੇਵ ਤੀਹਰੀ ਛਾਲ ਦਾ ਹੀਰਾ ਹਿਰਨ ਸੀ। ਉਸ ਨੇ ਸੋਵੀਅਤ ਰੂਸ ਵੱਲੋਂ ਚਾਰ ਓਲੰਪਿਕਸ ਵਿੱਚ ਭਾਗ ਲਿਆ ਤੇ ਚਾਰੇ ਵਾਰ ਜਿੱਤ ਮੰਚ 'ਤੇ ਚੜ੍ਹਿਆ। ਮੈਕਸੀਕੋ-68, ਮਿਊਨਿਖ-72 ਤੇ ਮੌਂਟਰੀਅਲ-76 ਦੀਆਂ ਓਲੰਪਿਕ ਖੇਡਾਂ 'ਚ ਹੈਟ ਟ੍ਰਿਕ ਮਾਰਦਿਆਂ ਸੋਨੇ ਦੇ ਤਿੰਨ ਤਗਮੇ ਜਿੱਤੇ। ਮਾਸਕੋ-1980 ਦੀਆਂ ਓਲੰਪਿਕ ਖੇਡਾਂ 'ਚੋਂ ਚਾਂਦੀ ਦਾ ਤਗਮਾ ਜਿੱਤਿਆ...।

ਮਾਰਕ ਸਪਿਟਜ਼ 22 ਸਾਲ ਦੀ ਉਮਰ ਤਕ ਤੈਰਿਆ ਤੇ 23ਵੇਂ ਸਾਲ ਤੈਰਨ ਤਲਾਅ ਨੂੰ ਅਲਵਿਦਾ ਆਖ ਦਿੱਤੀ। ਉਸ ਨੇ ਮਿਊਨਿਖ ਦੀਆਂ ਓਲੰਪਿਕ ਖੇਡਾਂ 'ਚੋਂ ਸੱਤ ਤਾਰੀਆਂ ਦੇ ਸੱਤੇ ਸੋਨ ਤਗਮੇ ਜਿੱਤੇ ਤੇ ਸੱਤੇਨਵੇਂ ਵਿਸ਼ਵ ਰਿਕਾਰਡ ਰੱਖੇ! ਉਸ ਦਾ 7 ਗੋਲਡ ਮੈਡਲ ਜਿੱਤਣ ਦਾ ਓਲੰਪਿਕ ਰਿਕਾਰਡ 36 ਸਾਲ ਕਾਇਮ ਰਿਹਾ...।

ਨਿਕੋਲਾਈ ਆਂਦਰੀਆਨੋਵ 20ਵੀਂ ਸਦੀ ਦਾ ਸਰਬੋਤਮ ਜਿਮਨਾਸਟ ਸੀ। ਬਚਪਨ ਵਿੱਚ ਉਹ ਵਿਗੜਿਆ ਬੱਚਾ ਸੀ। ਚੰਗਾ ਕੋਚ ਮਿਲ ਜਾਣ ਨਾਲ ਜਿਮਨਾਸਟਿਕਸ ਦਾ ਜਾਦੂਗਰ ਬਣ ਗਿਆ। ਉਸ ਨੇ ਮੌਂਟਰੀਅਲ ਦੀਆਂ ਓਲੰਪਿਕ ਖੇਡਾਂ 'ਚੋਂ 7 ਤਗਮੇ ਜਿੱਤੇ। ਪੁਰਸ਼ਾਂ 'ਚੋਂ 15 ਮੈਡਲ ਜਿੱਤਣ ਦਾ ਉਹਦਾ ਓਲੰਪਿਕ ਰਿਕਾਰਡ 1980 ਤੋਂ 2008 ਤਕ ਕਾਇਮ ਰਿਹਾ...।

ਫਲੋਰੈਂਸ ਗ੍ਰਿਫ਼ਿਥ ਜੋਏਨਰ ਨੂੰ 'ਫਲੋਅ ਜੋਅ' ਕਿਹਾ ਜਾਂਦਾ ਸੀ। ਉਸ ਨੇ ਓਲੰਪਿਕ ਖੇਡਾਂ 'ਚੋਂ ਤਿੰਨ ਸੋਨੇ ਤੇ ਦੋ ਚਾਂਦੀ ਦੇ ਤਗਮੇ ਜਿੱਤੇ। ਉਸ ਦੇ 100 ਤੇ 200 ਮੀਟਰ ਦੌੜਾਂ ਦੇ ਓਲੰਪਿਕ ਤੇ ਵਿਸ਼ਵ ਰਿਕਾਰਡ 1988 ਤੋਂ 2020 ਤੱਕ ਕਾਇਮ ਰਹੇ। ਫੈਸ਼ਨਾਂ ਕਰਕੇ ਉਹ ਬੇਹੱਦ ਚਰਚਿਤ ਰਹੀਤੇ 38 ਸਾਲ ਦੀ ਉਮਰੇ ਉਹਦੀ ਨੀਂਦ 'ਚਹੋਈ ਮੌਤ ਰਹੱਸ ਬਣ ਗਈ...।

ਕਾਰਲ ਲੇਵਿਸ ਨੂੰ ਅਮਰੀਕਾ ਦਾ ਕਾਲਾ ਮੋਤੀ ਕਿਹਾ ਜਾਂਦੈ। ਉਸ ਨੇ ਚਾਰ ਓਲੰਪਿਕਸ ਵਿੱਚੋਂ ਨੌਂ ਗੋਲਡ ਮੈਡਲ ਜਿੱਤੇ ਤੇ ਇੱਕ ਸਿਲਵਰ। ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ਵਿੱਚੋਂ ਵੀ ਦਸ ਮੈਡਲ ਜਿੱਤੇ ਜਿਨ੍ਹਾਂ 'ਚ ਅੱਠ ਗੋਲਡ ਮੈਡਲ ਹਨ। 1984, 88, 92, 96 ਦੀਆਂ ਓਲੰਪਿਕ ਖੇਡਾਂ ਵਿੱਚ ਉਹ ਲੰਮੀ ਛਾਲ ਦਾ ਲਗਾਤਾਰ ਚੈਂਪੀਅਨ ਬਣਦਾ ਰਿਹਾ...।

ਨਾਦੀਆ ਕੋਮੈਂਸੀ ਜਿਮਨਾਟਿਕਸ ਦੀ ਮਲਕਾ ਹੈ। ਉਹਵਿਸ਼ਵ ਦੀ ਪਹਿਲੀ ਜਿਮਨਾਸਟ ਹੈ ਜਿਸ ਨੇ ਮੌਂਟਰੀਅਲ ਦੀਆਂ ਓਲੰਪਿਕ ਖੇਡਾਂ 'ਚ ਸੱਤ ਵਾਰ ਪ੍ਰਫੈਕਟ 10 ਅੰਕ ਹਾਸਲ ਕੀਤੇ। ਇਸ ਕ੍ਰਿਸ਼ਮੇ ਨਾਲ ਉਹ ਚੌਦਾਂ ਸਾਲਾਂ ਦੀ ਕੁੜੀ ਏਨੀ ਪ੍ਰਸਿੱਧ ਹੋਈ ਕਿ ਕਰੋੜਾਂ ਅੱਖਾਂ ਦਾ ਕੇਂਦਰ ਬਣ ਗਈ! ਵਿਸ਼ਵ ਭਰ ਦੇ ਲੱਖਾਂ ਕਰੋੜਾਂ ਲੋਕ ਉਹਦੇ ਦੀਵਾਨੇ/ਮਸਤਾਨੇ ਹੋ ਗਏ...।

ਹਰਜੀਤ ਬਾਜਾਖਾਨਾ ਕਬੱਡੀ ਦਾ ਰੁਸਤਮ-ਏ-ਜ਼ਮਾਂ ਸੀ। ਉਸ ਮਹਾਨ ਧਾਵੀ ਦਾ ਨਾਂ ਮੈਂ 'ਕਬੱਡੀ ਦਾ ਚੜ੍ਹਦਾ ਸੂਰਜ' ਰੱਖਿਆ ਸੀ। ਉਦੋਂ ਕੀ ਪਤਾ ਸੀ ਕਿ ਸਾਡਾ ਚੜ੍ਹਦਾ ਸੂਰਜ ਸਿਖਰ ਦੁਪਹਿਰੇ ਹੀ ਛਿਪ ਜਾਵੇਗਾ। ਉਹਦੀ ਹਰ ਥਾਂ ਬੱਲੇ-ਬੱਲੇ ਹੁੰਦੀ ਸੀ। ਉਹ ਕੇਵਲ 27 ਸਾਲ ਦੀ ਜੁਆਨ ਉਮਰੇ ਸੜਕ ਹਾਦਸੇ ਦੀ ਭੇਟ ਚੜ੍ਹ ਗਿਆ...।

ਅਭਿਨਵ ਬਿੰਦਰਾ ਨਿਸ਼ਾਨੇਬਾਜ਼ੀ ਦਾ ਅਰਜੁਨ ਹੈ। ਕਿਸੇ ਵਿਅਕਤੀਗਤ ਖੇਡ ਦਾ ਪਹਿਲਾ ਭਾਰਤੀ ਓਲੰਪਿਕ ਚੈਂਪੀਅਨ। ਓਲੰਪਿਕ ਖੇਡਾਂ, ਵਿਸ਼ਵ ਚੈਂਪੀਅਨਸ਼ਿਪਾਂ, ਵਿਸ਼ਵ ਕੱਪਾਂ, ਕਾਮਨਵੈੱਲਥ ਖੇਡਾਂ, ਏਸ਼ਿਆਈ ਖੇਡਾਂ ਤੇ ਏਸ਼ਿਆਈ ਚੈਂਪੀਅਨਸ਼ਿਪਾਂ ਵਿੱਚੋਂ ਉਸ ਨੇ 6 ਸੋਨੇ, 3 ਚਾਂਦੀ ਤੇ 3 ਕਾਂਸੀ ਦੇ ਤਗਮੇ ਜਿੱਤੇ। ਉਹ ਪੰਜਾਬ ਦਾ ਮਾਣ ਹੈ ਤੇ ਭਾਰਤ ਦੀ ਸ਼ਾਨ...।

ਮਾਈਕਲ ਫੈਲਪਸ ਨੇ ਚਾਰ ਓਲੰਪਿਕ ਖੇਡਾਂ 'ਚੋਂ 23 ਸੋਨੇ, 3 ਚਾਂਦੀ, 2 ਕਾਂਸੀ, ਕੁਲ 28 ਤਗਮੇ ਜਿੱਤੇ! ਉਸ ਨੇ ਵਰਲਡ ਚੈਂਪੀਅਨਸ਼ਿਪਾਂ, ਓਲੰਪਿਕ ਖੇਡਾਂ, ਪੈਨ ਅਮਰੀਕਨ ਖੇਡਾਂ 'ਚੋਂ 83 ਮੈਡਲ ਜਿੱਤਣ ਨਾਲ 39 ਵਿਸ਼ਵ ਰਿਕਾਰਡ ਨਵਿਆਏ। ਬੀਜਿੰਗ ਓਲੰਪਿਕਸ 'ਚੋਂ 8 ਗੋਲਡ ਮੈਡਲਾਂ ਨਾਲ 7 ਵਿਸ਼ਵ ਰਿਕਾਰਡ ਨਵਿਆ ਕੇ ਦੁਨੀਆ ਦੰਗ ਕਰ ਦਿੱਤੀ...।

ਉਸੈਨ ਬੋਲਟ ਨੂੰ 'ਲਾਈਟਨਿੰਗ ਬੋਲਟ' ਵੀ ਕਿਹਾ ਜਾਂਦੈ। ਉਸ ਨੇ ਓਲੰਪਿਕ ਖੇਡਾਂ 'ਚੋਂ 8 ਗੋਲਡ ਮੈਡਲ ਜਿੱਤੇ। ਉਹਦੀ ਸਪੀਡ ਪ੍ਰਤੀ ਘੰਟਾ 44.72 ਕਿਲੋਮੀਟਰ ਰਿਕਾਰਡ ਕੀਤੀ ਗਈ। ਬਰਲਿਨ ਦੀ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ 'ਚ ਉਹ 100 ਮੀਟਰ ਦੌੜ 9.58 ਸੈਕੰਡ 'ਚ ਲਾ ਗਿਆ ਤੇ 200 ਮੀਟਰ 19.19 ਸੈਕੰਡ 'ਚ ਲਾਈ! ਉਸ ਨੇ ਵਿਸ਼ਵ ਚੈਂਪੀਅਨਸ਼ਿਪਾਂ 'ਚੋਂ ਵੀ 8 ਸੋਨੇ ਤੇ 2 ਚਾਂਦੀ ਦੇ ਤਗਮੇ ਜਿੱਤੇ...।

ਇਸ ਪੁਸਤਕ ਵਿੱਚ ਤੀਹ ਕੁ ਜੱਗ ਜੇਤੂਆਂ ਦੇਸ਼ਬਦ-ਚਿੱਤਰ ਹਨ। ਇਸ ਨੂੰ ਪੀਪਲਜ਼ ਫੋਰਮ ਬਰਗਾੜੀ ਨੇ ਪ੍ਰਕਾਸ਼ਿਤ ਕੀਤਾ ਹੈ ਜਿਨ੍ਹਾਂ ਦਾ ਫੋਨ 98729-89313 ਹੈ। ਪੁਸਤਕ 9 ਮਾਰਚ 2024 ਨੂੰ ਅਕਾਲ ਡਿਗਰੀ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ ਮਸਤੂਆਣਾ ਸਾਹਿਬ ਸੰਗਰੂਰ ਵਿਖੇ ਪਹਿਲੇ ਪੰਜਾਬੀ ਖੇਡ ਸਾਹਿਤ ਮੇਲੇ ਵਿਚ ਲੋਕ ਅਰਪਨ ਕੀਤੀ ਜਾਵੇਗੀ। 'ਜੱਗ ਜੇਤੂਆਂ ਦੀ ਗਾਥਾ' ਦਾ ਇਹ ਪਹਿਲਾ ਭਾਗ ਹੈ।ਇਸ ਦਾ ਦੂਜਾ ਭਾਗ ਵੀ ਛੇਤੀ ਹੀ ਪਾਠਕਾਂ ਦੇ ਦਰਾਂ 'ਤੇ ਦਸਤਕ ਦੇਵੇਗਾ।ਮੇਰੀ ਖੇਡ ਲੇਖਣੀ ਦੀ ਮੈਰਾਥਨ ਅਜੇ ਜਾਰੀ ਹੈ।

principalsarwansingh@gmail.com






The Mortgage Centre
We work for you, not the lenders.




Debt Consolidation | Renovations & Repairs | Avoiding High penalities

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services



URGENTLY NEED NEW LISTINGS IN BRAMPTON/CALEDON



visit: www.teamjagaujla.com
ADVERTISEMENT GUARANTEED TILL SOLD
JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com
MCNE

CALL JAG AUJLA FOR A QUICK & FREE HOME EVALUATION
www.BramptonTopRealtor.com
RECENTLY LISTED IN YOUR NEIGHBOURHOOD

**Sandalwood & Sunny Meadow Blvd**



ਬਹੁਤ ਹੀ ਵਧੀਆ ਲੋਕੇਸ਼ਨ ਉਤੇ ਗ੍ਰੀਨਰੀ ਫੇਸਿੰਗ ਬਹੁਤ ਹੀ ਵਧੀਆ ਤਰੀਕੇ ਨਾਲ ਮੇਨਟੇਨ ਕੀਤਾ ਹੋਇਆ ਲਗਭਗ 1305 ਸਕੇਅਰ ਫੁੱਟ (ਐਮਪੈਕ ਅਨੁਸਾਰ) ਦਾ ਕੌਂਡੋ ਸਟੈਕਡ ਟਾਊਨ ਹਾਊਸ, ਸਾਰੇ ਘਰ ਨੂੰ ਨਵਾਂ ਰੰਗ ਕੀਤਾ ਹੋਇਆ, ਸਾਲ 2016-17 ਵਿਚ ਬਣਿਆ ਹੋਇਆ 2 ਬੈਡਰੂਮ + 3 ਵਾਸ਼ਰੂਮ + ਓਪਨ ਟੈਰੇਸਡ ਬਾਲਕਨੀ + 1 ਕਾਰ ਗਰਾਜ ਦੇ ਨਾਲ, ਓਪਨ ਕਾਂਸੈਪਟ ਲਿਵਿੰਗ ਲੈਮੀਨੇਟਡ ਫਲੋਰ ਦੇ ਨਾਲ ਲੈਸ ਡਾਇਨਿੰਗ ਏਰੀਆ, ਸਟੇਨਲੈਸ ਸਟੀਲ ਨਾਲ ਬਣੀਆਂ ਕਿਚਨ ਕੈਬਿਨੇਟਸ, ਮਾਸਟਰ ਬੈਡਰੂਮ 4 ਪੀਸੀ ਐਨਸੂਟ ਦੇ ਨਾਲ ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਅਤੇ ਹੋਰ ਵੀ ਬਹੁਤ ਕੁੱਝ।

**James Potter/Queen/Bonnie Brae**



ਬਹੁਤ ਹੀ ਸੋਹਣਾ 3000-3500 ਸਕੇਅਰ ਫੁੱਟ ਦਾ ਡਿਟੈਚਡ ਘਰ, 5+2 ਬੈਡਰੂਮ + ਦਫਤਰ + 5 ਵਾਸ਼ਰੂਮ, ਫਿਨਿਸ਼ਡ ਬੇਸਮੈਂਟ, 2 ਅਲੱਗ ਐਂਟਰੈਂਸ, 9 ਫੁੱਟ ਦੀ ਸੀਲਿੰਗ, ਡਬਲ ਡੋਰ ਐਂਟਰੀ, 5 ਪੀਸੀ ਐਨਸੂਟ ਦੇ ਨਾਲ ਮਾਸਟਰ ਬੈਡਰੂਮ, ਮੇਨ ਫਲੋਰ ਉਤੇ ਲੱਕੜ ਦਾ ਕੰਮ ਕੀਤਾ ਹੋਇਆ, ਬੇਸਮੈਂਟ ਵਿਚ ਲੈਮੀਨੇਟ ਅਤੇ ਸੇਰਾਮਿਕਸ, ਗ੍ਰੇਨਾਈਟ ਕਊਂਟਰ ਟਾਪ ਅਤੇ ਸੈਂਟਰ ਆਈਲੈਂਡ ਦੇ ਨਾਲ ਕਿਚਨ, ਗ੍ਰੀਨਰੀ ਵੱਲ ਫੇਸ ਕਰਦਾ ਹੋਇਆ ਬ੍ਰੇਕਫਾਸਟ ਏਰੀਆ, ਮੇਨ ਫਲੋਰ ਉਤੇ ਲਾਊਂਡਰੀ, ਘਰ ਦੇ ਸਾਹਮਣੇ ਪਾਰਕ ਅਤੇ ਹੋਰ ਵੀ ਬਹੁਤ ਕੁੱਝ।

**Caledon Ontario (Dir/Cross St:Mayfield/ Mclaughlin/Tweedhill)**



ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਕਿਰਾਏ ਲਈ ਖਾਲੀ 700-1100 ਸਕੁਏਅਰ ਫੁੱਟ ਦਾ ਸੋਹਣਾ ਜਿਹਾ ਘਰ, ਦੋ ਬੈਡਰੂਮਜ਼ ਦੇ ਨਾਲ ਲੀਗਲ ਬੇਸਮੈਂਟ ਅਪਾਰਟਮੈਂਟ (ਅਲੱਗ ਐਂਟਰੈਂਸ), ਕੰਕਰੀਟ ਦਾ ਡਰਾਇਵ ਵੇਅ, ਓਪਨ ਕਾਂ-ਸੈਪਟ ਦੇ ਨਾਲ ਲਿਵਿੰਗ ਰੂਮ ਨਾਲ ਅਟੈਚਡ ਕਿਚਨ, ਕਿਰਾਏਦਾਰ ਨੂੰ ਕਿਰਾਇਆ ਅਤੇ 30% ਯੂਟੀਲਿਟੀਜ਼ ਦੇਣਾ ਹੋਵੇਗਾਲੀਜ਼ ਘੱਟ ਤੋਂ ਘੱਟ 1 ਸਾਲ ਲਈ ਹੋਵੇਗੀ।

**Bramalea/Father Tobin /Fernfor**



ਬਹੁਤ ਹੀ ਸ਼ਾਨਦਾਰ 3065 ਸਕੇਅਰ ਫੁੱਟ ਦਾ 3 ਮੰਜਲਾ ਡਿਟੈਚਡ ਘਰ, 5+1 ਬੈਡਰੂਮ + 5 ਵਾ-ਸ਼ਰੂਮ ਅਤੇ 2 ਫੈਮਿਲੀ ਰੂਮ, 2 ਮਾਸਟਰ ਬੈਡਰੂਮ ਅਤੇ ਇਕ ਫਿਨਿਸ਼ਡ ਬੇਸਮੈਂਟ, ਡਬਲ ਡੋਰ ਐਂ-ਟਰੀ, ਓਕ ਸਟੇਅਰਕੇਸ, ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ ਵਿਚ ਹਾਰਡਵੁੱਡ ਲੱਗਾ ਹੋਇਆ, ਸੋਹਣਾ ਜਿਹਾ ਕਿਚਨ ਸੈਂਟਰ ਆਈਲੈਂਡ ਦੇ ਨਾਲ, ਮਾਸਟਰ ਬੈਡਰੂਮ ਵਿਚ 5 ਪੀਸੀ ਐਨ-ਸੂਟ, ਦੂਜੀ ਮੰਜਲ 'ਤੇ ਲਾਊਂਡਰੀ, ਗਰਾਜ ਤੋਂ ਘਰ ਦੀ ਐਂਟਰੀ, ਬੇਸਮੈਂਟ ਵਿਚ ਸ਼ਾਨਦਾਰ ਥੀਏਟਰ ਦੇ ਨਾਲ, ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਤੇ ਹੋਰ ਵੀ ਬਹੁਤ ਕੁੱਝ।

FREE
- Full MLS services
- Consistent marketing until your property is sold
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold
- Competitive rates, exceptional service & award winning results

RE/MAX REALTY SPECIALISTS INC.
Ph:905-456-3232
Call JAG AUJLA 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT



LOCAL & LONG DISTANCE MOVING

H.K. MOVERS

VANCOUVER - CALGARY - EDMONTON - WINNIPEG - TORONTO - OTTAWA - MONTREAL

CANADA'S MOVING COMPANY




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

Call: 416.524.6704
www.hkmovers.ca

2023 ThreeBest Rated Certificate OF EXCELLENCE

SAFE, RELIABLE AND EFFICIENT SERVICE AT THE BEST RATES



Asian Food Centre
WE'RE HERE TO SERVE ONLY THE BEST PRODUCTS FOR YOU.
FRESH
FRUITS & VEGETABLES
Healthy & fresh grocery
Variety of Indian Sweets Available
OPEN NOW
340 Woodlawn RD Guelph, N1H 7K6
ETOBICOKE
10 Westmore Dr. 416-740-3262 MEAT SHOP AVAILABLE
MISSISSAUGA
1075 Ceremonial Dr 905-502-1600 MEAT SHOP AVAILABLE
BRAMPTON
621 Wanless Dr. 905-495-3336 MEAT SHOP AVAILABLE
BRAMPTON
2120 N Park Dr. 905-793-1338 MEAT SHOP AVAILABLE
BRAMPTON
80 Pertosa Dr. 905-460-0009
TOLL FREE 1-800-708-9232
BRAMPTON
40 Airport RD & Lacoste Blvd. 905-794-8109 MEAT SHOP AVAILABLE
BRAMPTON
10510 Torbram Rd. 905-790-0030
BRAMPTON
10 Pannahill Dr. 905-913-8017 MEAT SHOP AVAILABLE
GUELPH
340 Woodlawn Rd W 226-669-0004
We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media